**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਕੰਪਲੈਕਸ**

**ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ. ਨਗਰ**

**(ਸਪੋਰਟਸ ਸਾਖਾ)**

---

# ਸਕੂਲ ਸਿੱਖਿਆ ਵਿਭਾਗ ਖੇਡ ਸੰਚਾਲਨ ਨੀਤੀ -2023

**ਜਾਣ-ਪਹਿਚਾਣ**

ਪੰਜਾਬ ਦੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਖੇਡਾਂ ਨਾਲ ਜੋੜਨਾ ਵੀ ਬਹੁਤ ਜਰੂਰੀ ਹੈ। ਇਸ ਮਕਸਦ ਨੂੰ ਮੁੱਖ ਰੱਖਦਿਆਂ ਸਕੂਲ ਸਿੱਖਿਆ ਵਿਭਾਗ ਵੱਲੋਂ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨਾਲ ਜੋੜਦਿਆਂ,ਸਕੂਲਾਂ ਅੰਦਰ ਖੇਡ ਗਤੀਵਿਧੀਆਂ ਨੂੰ ਸ਼ੁਰੂ ਕੀਤਾ ਗਿਆ ਹੈ।ਖੇਡਾਂ ਬੱਚੇ ਅੰਦਰ ਸਰੀਰਕ,ਮਾਨਸਿਕ,ਬੌਧਿਕ, ਸਮਾਜਿਕ ਵਿਕਾਸ ਤੇ ਵਾਧੇ ਲਈ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਖੇਡਾਂ ਦੁਆਰਾ ਹੀ ਬੱਚਿਆਂ ਦੀ ਵਾਧੂ ਊਰਜਾ ਦੀ ਸਹੀ ਵਰਤੋਂ ਕਰਕੇ,ਉਨ੍ਹਾਂ ਨੂੰ ਸਮਾਜਿਕ ਕਦਰਾਂ ਕੀਮਤਾਂ ਨਾਲ ਜੋੜਦੇ ਹੋਏ, ਦੇਸ਼ ਨੂੰ ਤੰਦਰੁਸਤ ਨੌਜਵਾਨ ਪੀੜ੍ਹੀ ਪ੍ਰਦਾਨ ਕਰਨਾ ਹੀ ਮੁੱਖ ਮੰਤਵ ਹੋਵੇਗਾ। ਸਕੂਲਾਂ ਵਿੱਚ ਠੋਸ ਖੇਡ ਢਾਂਚੇ ਦੀ ਜਰੂਰਤ ਨੂੰ ਮਹਿਸੂਸ ਕਰਦਿਆਂ ਯੋਜਨਾਬੱਧ ਤਰੀਕੇ ਨਾਲ ਕੰਮ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

## 1.0 ਉਦੇਸ਼

ਇਸ ਖੇਡ ਸੰਚਾਲਨ ਨੀਤੀ ਦਾ ਮੁੱਖ ਉਦੇਸ਼ ਸਕੂਲ ਵਿੱਚ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਅੰਦਰਲੇ ਖੇਡ ਹੁਨਰਾਂ ਦੀ ਪਹਿਚਾਣ ਕਰਨਾ ਹੋਵੇਗਾ।ਇਸ ਰਾਹੀਂ ਵਿਦਿਆਰਥੀਆਂ ਦਾ ਸਰੀਰਕ,ਮਾਨਸਿਕ,ਭਾਵਨਾਤਮਿਕ,ਬੌਧਿਕ ਅਤੇ ਸਮਾਜਿਕ ਵਿਕਾਸ ਕਰਦੇ ਹੋਏ ਉਹਨ੍ਹਾਂ ਨੂੰ ਸਮਾਜਿਕ ਕੁਰੀਤੀਆਂ ਤੋਂ ਦੂਰ ਰੱਖਣ ਦਾ ਯਤਨ ਹੋਵੇਗਾ।ਇਸ ਰਾਹੀਂ ਸਕੂਲਾਂ ਵਿੱਚ ਖੇਡ ਸੱਭਿਆਚਾਰ ਪੈਦਾ ਕਰਕੇ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਇਸ ਉਮੀਦ ਅਤੇ ਉਦੇਸ਼ ਤਹਿਤ ਕੰਮ ਕੀਤਾ ਜਾਵੇਗਾ। ਇਸ ਖੇਡ ਸੰਚਾਲਨ ਨੀਤੀ ਤਹਿਤ ਹੇਠ ਲਿਖੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਯਤਨ ਕੀਤੇ ਜਾਣਗੇਃ-

- ਮਨੋਰੰਜਨ ਕਿਰਿਆਵਾਂ ਅਤੇ ਖੇਡਾਂ ਰਾਹੀਂ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਕਰਨਾ।
- ਸਕੂਲ ਪੱਧਰ ਤੇ ਹਰੇਕ ਵਿਦਿਆਰਥੀ ਨੂੰ ਖੇਡਾਂ ਨਾਲ ਜੋੜਨਾ।
- ਵਿਦਿਆਰਥੀਆਂ ਦੇ ਖੇਡ ਹੁਨਰਾਂ ਦੀ ਪਹਿਚਾਣ ਕਰਨਾ।
- ਵਿਦਿਆਰਥੀਆਂ ਨੂੰ ਸਰੀਰਕ ਸਿੱਖਿਆ ਮਾਹਿਰਾਂ ਰਾਹੀਂ ਸਿੱਖਿਅਤ ਕਰਨਾ ।
- ਵਿਦਿਆਰਥੀਆਂ ਨੂੰ ਖੇਡਾਂ ਰਾਹੀਂ ਸਮੇਂ ਦੇ ਹਾਣੀ ਬਣਾਉਣਾ।
- ਸਕੂਲਾਂ ਵਿੱਚ ਖੇਡ ਸਰਗਰਮੀਆਂ ਰਾਹੀਂ ਸਮਾਜਿਕ ਭਾਗੀਦਾਰੀ ਵਧਾਉਣਾ।
- ਸਰੀਰਕ ਸਿੱਖਿਆ ਅਧਿਆਪਕਾਂ ਨੂੰ ਖੇਡਾਂ ਦੀਆਂ ਨਵੀਆਂ ਖੇਡ ਵਿਧੀਆਂ ਦੀ ਸਿਖਲਾਈ ਦੇਣਾ।
- ਹਰ ਸਾਲ ਵਿਦਿਆਰਥੀਆਂ ਦਾ ਸਰੀਰਕ ਨਿਪੁੰਨਤਾ ਟੈਸਟ ਕਰਵਾਉਣਾ।
- ਖੇਡਾਂ ਵਿੱਚ ਨਿਯਮਬੱਧਤਾ ਅਤੇ ਪਾਰਦਰਸ਼ਤਾ ਲਿਆਉਣੀ।
- ਵਿਦਿਆਰਥੀਆਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਕੇ ਨਸ਼ਿਆਂ ਤੋਂ ਦੂਰ ਕਰਨਾ ।
- ਸਕੂਲਾਂ ਵਿੱਚ ਖੇਡ ਸੱਭਿਆਚਾਰ ਪੈਦਾ ਕਰਨਾ।
- ਵਿਦਿਆਰਥੀਆਂ ਵਿੱਚ ਅਨੁਸ਼ਾਸ਼ਨ ਦੀ ਭਾਵਨਾ ਪੈਦਾ ਕਰਕੇ ਚੰਗੇ ਅਤੇ ਤੰਦਰੁਸਤ ਨਾਗਰਿਕ ਪੈਦਾ ਕਰਨਾ।

ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਸਕੂਲ ਸਿੱਖਿਆ ਵਿਭਾਗ ਵੱਲੋਂ ਕੁੱਲ 04 ਉਮਰ ਵਰਗ ਵਿੱਚ ਅੰਡਰ-11, 14, 17, 19 ਸਾਲ ਲੜਕੇ ਅਤੇ ਲੜਕੀਆਂ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ।

## 2.0 ਸਵੇਰ ਦੀ ਸਭਾ

ਸਵੇਰ ਦੀ ਸਭਾ ਵਿਦਿਆਰਥੀ ਜੀਵਨ ਵਿੱਚ ਬਹੁਤ ਮਹੱਤਤਾ ਰੱਖਦੀ ਹੈ।ਜਿਸ ਦਾ ਸਹੀ ਉਪਯੋਗ ਕਰਕੇ ਵਿਦਿਆਰਥੀਆਂ ਨੂੰ ਤੰਦਰੁਸਤੀ ਅਤੇ ਤਾਜ਼ਗੀ ਪ੍ਰਦਾਨ ਕਰਨ ਲਈ, ਸਵੇਰ ਦੀ ਸਭਾ ਵਿੱਚ ਬਾਕੀ ਗਤੀ ਵਿਧੀਆਂ ਦੇ ਨਾਲ-ਨਾਲ ਮੌਸਮ ਦੇ ਅਨੁਸਾਰ ਯੋਗ/ਪੀ.ਟੀ. ਕਸਰਤਾ ਕਰਵਾਈਆ ਜਾਣਗੀਆਂ।ਸਵੇਰ ਦੀ ਸਭਾ ਡਰੰਮ ਨਾਲ ਕਰਵਾਈ ਜਾਵੇਗੀ । ਸਵੇਰ ਦੀ ਸਭਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਕੂਲ ਮੁਖੀ ਵੱਲੋਂ ਲਗਾਈ ਡਿਊਟੀ ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕ ਦੇ ਸਹਿਯੋਗੀ ਵਜੋਂ ਸਾਰੇ ਅਧਿਆਪਕ/ਕਰਮਚਾਰੀਆਂ ਨੂੰ ਤਨਦੇਹੀ ਨਾਲ ਨਿਭਾਉਣੀ ਲਾਜ਼ਮੀ ਹੋਵੇਗੀ ।

## 3.0 ਸਕੂਲ ਖੇਡ ਸੰਚਾਲਨ ਢਾਂਚਾ (ਐਲੀਮੈਂਟਰੀ ਸਿੱਖਿਆ)

ਸਕੂਲ ਸਿੱਖਿਆ ਵਿਭਾਗ (ਐ.ਸਿ) ਵਿੱਚ ਟੂਰਨਾਮੈਂਟਾਂ ਦੇ ਸੁਚਾਰੂ ਸੰਚਾਲਨ ਲਈ ਚਾਰ ਪੱਧਰ ਤੇ ਸਕੂਲ ਟੂਰਨਾਮੈਂਟ ਕਮੇਟੀਆਂ ਦਾ ਗਠਨ ਹੇਠ ਅਨੁਸਾਰ ਕੀਤਾ ਜਾਵੇਗਾ ।

3.1 ਸੈਂਟਰ ਪੱਧਰ ਸਕੂਲ ਟੂਰਨਾਮੈਂਟ ਕਮੇਟੀ।

3.2 ਬਲਾਕ ਪੱਧਰ ਸਕੂਲ ਟੂਰਨਾਮੈਂਟ ਕਮੇਟੀ।

3.3 ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ।

3.4 ਅੰਤਰ- ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ।

## 3.1 ਸੈਂਟਰ ਪੱਧਰ ਸਕੂਲ ਟੂਰਨਾਮੈਂਟ ਕਮੇਟੀ

**ਨਿਯਮ:-**

1. ਹਰੇਕ ਸੈਂਟਰ ਪੱਧਰ ਤੇ ਸਕੂਲ ਟੂਰਨਾਮੈਂਟ ਦਾ ਸੰਚਾਲਨ ਕਰਨ ਲਈ ਇੱਕ 05 ਮੈਂਬਰੀ ਟੂਰਨਾਮੈਂਟ ਕਮੇਟੀ ਦਾ ਗਠਨ ਕੀਤਾ ਜਾਵੇਗਾ ।
2. ਉਕਤ ਕਮੇਟੀ ਦੀ ਚੋਣ ਜਨਰਲ ਇਜਲਾਸ ਰਾਹੀਂ ਸਬੰਧਤ ਬੀ.ਪੀ.ਈ.ਓ. ਦੀ ਨਿਗਰਾਨੀ ਹੇਠ ਸਰਵ ਸੰਮਤੀ ਨਾਲ 02 ਸਾਲ ਲਈ ਕੀਤੀ ਜਾਵੇਗੀ।
3. ਉਕਤ ਸਕੂਲ ਟੂਰਨਾਮੈਂਟ ਕਮੇਟੀ ਦਾ ਗਠਨ ਵਿਦਿਅਕ ਵਰ੍ਹੇ ਵਿੱਚ ਅਪ੍ਰੈਲ ਮਹੀਨੇ ਦੇ ਪਹਿਲੇ ਪੰਦਰਵਾੜੇ ਵਿੱਚ ਕੀਤਾ ਜਾਵੇਗਾ।
4. ਜੇਕਰ ਕਿਸੇ ਕਾਰਨ (ਕਾਰਨ ਕਿਸੇ ਹੋਰ/ਮੌਤ/ਸੇਵਾ ਮੁਕਤੀ/ਬਦਲੀ) ਟੂਰਨਾਮੈਂਟ ਕਮੇਟੀ ਵਿੱਚ ਕੋਈ ਅਹੁੱਦਾ ਖਾਲੀ ਹੁੰਦਾ ਹੈ ਤਾਂ ਉਸ ਦੀ ਥਾਂ ਤੇ ਕਰਮਚਾਰੀ ਨਾਮਜ਼ਦ ਕਰਨ ਦਾ ਅਧਿਕਾਰ ਬੀ.ਪੀ.ਈ.ਓ. ਨੂੰ ਹੋਵੇਗਾ।
5. ਜੇਕਰ ਕਿਸੇ ਸੈਂਟਰ ਵਿੱਚ ਕੋਈ ਹੈੱਡ ਟੀਚਰ ਨਹੀਂ ਹੈ ਤਾਂ ਉਸ ਸੈਂਟਰ ਪੱਧਰ ਟੂਰਨਾਮੈਂਟ ਕਮੇਟੀ ਵਿੱਚ ਪ੍ਰਬੰਧਕੀ ਸਕੱਤਰ ਅਤੇ ਵਿੱਤ ਸਕੱਤਰ ਲਈ ਈ.ਟੀ.ਟੀ. ਅਧਿਆਪਕਾਂ ਦੀ ਚੋਣ ਕੀਤੀ ਜਾਵੇਗੀ ।

## ਸੈਂਟਰ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈਃ-

- ਪ੍ਰਧਾਨ — ਸੈਂਟਰ ਹੈੱਡ ਟੀਚਰ/ਇੰਚਾਰਜ ਸੈਂਟਰ ।
- ਪ੍ਰਬੰਧਕੀ ਸਕੱਤਰ — ਹੈੱਡ ਟੀਚਰ ।
- ਵਿੱਤ ਸਕੱਤਰ — ਹੈੱਡ ਟੀਚਰ ।
- ਮੈਂਬਰ — ਈ.ਟੀ.ਟੀ ਅਧਿਆਪਕ (ਮਹਿਲਾ) ।
- ਮੈਂਬਰ — ਈ.ਟੀ.ਟੀ ਅਧਿਆਪਕ (ਪੁਰਸ਼) ।

## ਸੈਂਟਰ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੇ ਕੰਮ ਅਤੇ ਜਿਮ੍ਹੇਵਾਰੀਆਂ ਹੇਠ ਲਿਖੇ ਅਨੁਸਾਰ ਹਨਃ-

1. ਸੈਂਟਰ ਪੱਧਰ ਸਕੂਲ ਟੂਰਨਾਮੈਂਟ ਕਮੇਟੀ, ਜਿਲ੍ਹਾ ਟੂਰਨਾਮੈਂਟ ਕਮੇਟੀ ਤੋਂ ਪ੍ਰਾਪਤ ਖੇਡ ਸ਼ਡਿਊਲ ਅਨੁਸਾਰ ਹੀ ਸੈਂਟਰ ਪੱਧਰ ਤੇ ਟੂਰਨਾਮੈਂਟ ਕਰਵਾਏਗੀ।
2. ਉਕਤ ਸਕੂਲ ਟੂਰਨਾਮੈਂਟ ਕਮੇਟੀ ਖਿਡਾਰੀਆਂ ਦੀ ਪਾਤਰਤਾ ਦੀ ਨਿਯਮਾਂ ਅਨੁਸਾਰ ਪਰਖ ਕਰੇਗੀ।
3. ਉਕਤ ਟੂਰਨਾਮੈਂਟ ਕਮੇਟੀ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰੇਗੀ।
4. ਨਿਯਮਾਂ ਅਨੁਸਾਰ ਖੇਡਾਂ ਦਾ ਸੰਚਾਲਨ ਕਰੇਗੀ। ਖੇਡਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਲਈ ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕਾ ਦੀ ਡਿਊਟੀ ਦੀ ਮੰਗ ਬੀ.ਪੀ.ਈ.ਓ. ਰਾਹੀਂ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਤੋਂ ਕਰ ਸਕਦੀ ਹੈ।
5. ਉਕਤ ਟੂਰਨਾਮੈਂਟ ਕਮੇਟੀ ਸੈਂਟਰ ਪੱਧਰ ਟੂਰਨਾਮੈਂਟ ਦੇ ਸੰਚਾਲਨ ਲਈ 2000/- ਰੁਪਏ (ਦੋ ਹਜ਼ਾਰ ਰੁਪਏ) ਪ੍ਰਤੀ ਸੈਂਟਰ ਬੀ.ਪੀ.ਈ.ਓ. ਤੋਂ ਪ੍ਰਾਪਤ ਕਰੇਗੀ।
6. ਉਕਤ ਟੂਰਨਾਮੈਂਟ ਕਮੇਟੀ ਖਿਡਾਰੀਆਂ ਦੀ ਚੋਣ ਬਲਾਕ ਪੱਧਰ ਖੇਡਾਂ ਲਈ ਮੈਰਿਟ ਦੇ ਅਧਾਰ ਤੇ ਕਰੇਗੀ।
7. ਉਕਤ ਟੂਰਨਾਮੈਂਟ ਕਮੇਟੀ ਖੇਡ ਮੁਕਾਬਲੇ ਦੌਰਾਨ ਪੈਦਾ ਹੋਣ ਵਾਲੇ ਵਿਵਾਦਾਂ ਦਾ ਨਿਪਟਾਰਾ ਵਿਭਾਗ/ਖੇਡ ਦੇ ਨਿਯਮਾਂ ਅਨੁਸਾਰ ਕਰੇਗੀ। ਖੇਡ ਜਾਬਤੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਖਿਡਾਰੀਆਂ,ਟੀਮਾਂ ਅਤੇ ਅਧਿਆਪਕਾਂ ਖਿਲਾਫ ਬਣਦੀ ਕਾਰਵਾਈ ਕਰਨ ਲਈ ਉੱਚ ਅਧਿਕਾਰੀਆਂ ਨੂੰ ਸ਼ਿਫਾਰਿਸ਼ ਕਰੇਗੀ।

## 3.2 ਬਲਾਕ ਪੱਧਰ ਸਕੂਲ ਟੂਰਨਾਮੈਂਟ ਕਮੇਟੀ

**ਨਿਯਮ:-**

1. ਹਰੇਕ ਸਿੱਖਿਆ ਬਲਾਕ ਵਿੱਚ ਇੱਕ 07 ਮੈਂਬਰੀ ਟੂਰਨਾਮੈਂਟ ਕਮੇਟੀ ਬਲਾਕ ਪੱਧਰ ਦੇ ਟੂਰਨਾਮੈਂਟਾਂ ਨੂੰ ਸੰਚਾਲਿਤ ਕਰਨ ਲਈ 02 ਸਾਲਾਂ ਲਈ ਬਣਾਈ ਜਾਵੇਗੀ।
2. ਬਲਾਕ ਪੱਧਰ ਟੂਰਨਾਮੈਂਟ ਕਮੇਟੀ ਦਾ ਗਠਨ , ਸੈਂਟਰ ਪੱਧਰ ਦੀਆਂ ਟੂਰਨਾਮੈਂਟ ਕਮੇਟੀਆਂ ਦਾ ਇਜਲਾਸ ਬੁਲਾਕੇ ਵਿੱਦਿਅਕ ਵਰ੍ਹੇ ਦੇ ਆਰੰਭ ਵਿੱਚ ਅਪ੍ਰੈਲ ਦੇ ਤੀਜੇ ਹਫਤੇ ਕੀਤਾ ਜਾਵੇਗਾ ।

3. ਜੇਕਰ ਕਿਸੇ ਕਾਰਨ ਕੋਈ ਅਹੁੱਦਾ ਖਾਲੀ ਹੁੰਦਾ ਹੈ (ਕਿਸੇ ਹੋਰ ਕਾਰਨ /ਮੌਤ/ਸੇਵਾ ਮੁਕਤੀ/ਬਦਲੀ) ਤਾਂ ਉਸ ਥਾਂ ਤੇ ਨਾਮਜਦਗੀ ਕਰਨ ਦਾ ਅਧਿਕਾਰ ਸਬੰਧਤ ਬੀ.ਪੀ.ਈ.ਓ ਕੋਲ ਹੋਵੇਗਾ ।

4. ਜੇਕਰ ਕਿਸੇ ਕਾਰਨ ਬਲਾਕ ਇੰਚਾਰਜ ਪੀ.ਟੀ.ਆਈ ਦਾ ਅਹੁੱਦਾ ਖਾਲੀ ਹੈ ਤਾਂ ਇਸ ਥਾਂ ਤੇ ਕਿਸੇ ਯੋਗ ਈ.ਟੀ.ਟੀ ਅਧਿਆਪਕ ਦੀ ਚੋਣ ਕੀਤੀ ਜਾਵੇਗੀ ।

## ਬਲਾਕ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈਃ-

- ਪ੍ਰਧਾਨ — ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
- ਪ੍ਰਬੰਧਕੀ ਸਕੱਤਰ — ਬਲਾਕ ਪੱਧਰ ਤੇ ਇੰਚਾਰਜ ਪੀ.ਟੀ.ਆਈ ਅਧਿਆਪਕ
- ਵਿੱਤ ਸਕੱਤਰ — ਸੈਂਟਰ ਹੈੱਡ ਟੀਚਰ ।
- ਸਹਾਇਕ ਵਿੱਤ ਸਕੱਤਰ — ਸੈਂਟਰ ਹੈੱਡ ਟੀਚਰ ।
- ਮੈਂਬਰ — ਹੈੱਡ ਟੀਚਰ ।
- ਮੈਂਬਰ — ਈ.ਟੀ.ਟੀ ਅਧਿਆਪਕ (ਪੁਰਸ਼)
- ਮੈਂਬਰ — ਈ.ਟੀ.ਟੀ ਅਧਿਆਪਕ (ਮਹਿਲਾ)

## ਬਲਾਕ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੇ ਕੰਮ ਅਤੇ ਜਿੰਮੇਵਾਰੀਆਂ ਹੇਠ ਲਿਖੇ ਅਨੁਸਾਰ ਹਨਃ-

1. ਬਲਾਕ ਪੱਧਰ ਸਕੂਲ ਟੂਰਨਾਮੈਂਟ ਕਮੇਟੀ, ਜਿਲ੍ਹਾ ਟੂਰਨਾਮੈਂਟ ਕਮੇਟੀ ਤੋਂ ਪ੍ਰਾਪਤ ਖੇਡ ਸ਼ਡਿਊਲ ਅਨੁਸਾਰ ਹੀ ਬਲਾਕ ਪੱਧਰ ਦੇ ਟੂਰਨਾਮੈਂਟਾਂ ਦਾ ਸੰਚਾਲਨ ਕਰੇਗੀ ।
2. ਉਕਤ ਟੂਰਨਾਮੈਂਟ ਕਮੇਟੀ ਜੇਤੂ ਖਿਡਾਰੀਆਂ ਨੂੰ ਸਰਟੀਫਿਕੇਟ/ਤਮਗੇ/ਟਰਾਫੀਆਂ ਨਾਲ ਸਨਮਾਨਿਤ ਕਰੇਗੀ।
3. ਉਕਤ ਟੂਰਨਾਮੈਂਟ ਕਮੇਟੀ ਬਲਾਕ ਪੱਧਰ ਟੂਰਨਾਮੈਂਟ ਦੇ ਸੰਚਾਲਨ ਲਈ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਤੋਂ 5000/- ਰਪਏ ਪ੍ਰਾਪਤ ਕਰੇਗੀ ।
4. ਉਕਤ ਕਮੇਟੀ ਵੱਖ-ਵੱਖ ਖੇਡਾਂ ਦੇ ਸੰਚਾਲਨ ਲਈ ਆਪਣੇ ਅਧੀਨ ਵੱਖ-ਵੱਖ ਸਬ ਕਮੇਟੀਆਂ ਬਣਾਏਗੀ।
5. ਉਕਤ ਕਮੇਟੀ ਬਲਾਕ ਪੱਧਰ ਦੇ ਟੂਰਨਾਮੈਂਟਾਂ ਦੇ ਸੰਚਾਲਨ ਲਈ ਜਰੂਰਤ ਅਨੁਸਾਰ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਡਿਊਟੀਆਂ ਸਬੰਧਤ ਬੀ.ਪੀ.ਈ.ਓ ਰਾਹੀਂ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਤੋਂ ਲਗਵਾਉਣਗੇ।
6. ਉਕਤ ਟੂਰਨਾਮੈਂਟ ਕਮੇਟੀ ਵੱਖ ਵੱਖ ਖੇਡਾਂ ਲਈ ਖੇਡ ਮਾਹਿਰਾਂ ਦੀਆਂ ਕਮੇਟੀਆਂ ਬਣਾਕੇ-ਖਿਡਾਰੀਆਂ ਦੀ ਚੋਣ ਮੈਰਿਟ ਦੇ ਅਧਾਰ ਤੇ ਜਿਲ੍ਹਾ ਪੱਧਰ ਦੇ ਖੇਡ ਮੁਕਾਬਲਿਆਂ ਲਈ ਕਰੇਗੀ ਅਤੇ ਲੋੜ ਅਨੁਸਾਰ ਸਿਖਲਾਈ ਕੈਂਪ ਲਗਾਏਗੀ।
7. ਉਕਤ ਟੂਰਨਾਮੈਂਟ ਕਮੇਟੀ ਖਿਡਾਰੀਆਂ ਦੀ ਪਾਤਰਤਾ ਦੀ ਨਿਯਮਾਂ ਅਨੁਸਾਰ ਪਰਖ ਕਰੇਗੀ।
8. ਉਕਤ ਟੂਰਨਾਮੈਂਟ ਕਮੇਟੀ ਖੇਡ ਮੁਕਾਬਲਿਆਂ ਦੌਰਾਨ ਪੈਦਾ ਹੋਣ ਵਾਲੇ ਵਿਵਾਦਾਂ ਦਾ ਵਿਭਾਗੀ/ਖੇਡ ਨਿਯਮਾਂ ਅਨੁਸਾਰ ਨਿਪਟਾਰਾ ਕਰੇਗੀ। ਖੇਡ ਜਾਬਤੇ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ

ਟੀਮ,ਖਿਡਾਰੀ,ਟੀਮ ਇੰਚਾਰਜ, ਟੀਮ ਮੈਨੇਜਰ, ਆਫੀਸ਼ਲ, ਅਧਿਆਪਕ ਖਿਲਾਫ ਬਣਦੀ ਕਾਰਵਾਈ ਕਰਨ ਲਈ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਨੂੰ ਸਿਫਾਰਸ਼ ਕਰੇਗੀ ।

9. ਉਕਤ ਸਕੂਲ ਟੂਰਨਾਮੈਂਟ ਕਮੇਟੀ (ਬਲਾਕ ਟੂਰਨਾਮੈਂਟ ਕਮੇਟੀ) ਦੇ ਨਾਮ ਤੇ ਬਲਾਕ ਪੱਧਰ ਤੇ ਇੱਕ ਬੈਂਕ ਖਾਤਾ ਖੁੱਲਵਾਏਗੀ ਜਿਸ ਨੂੰ ਅਪਰੇਟ ਕਰਨ ਲਈ ਪ੍ਰਧਾਨ ਅਤੇ ਵਿੱਤ ਸਕੱਤਰ ਸਮਰੱਥ ਅਧਿਕਾਰੀ ਹੋਣਗੇ । ਸੈਂਟਰ ਅਤੇ ਬਲਾਕ ਪੱਧਰ ਦੇ ਟੂਰਨਾਮੈਂਟਾਂ ਦੇ ਸੰਚਾਲਨ ਲਈ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਲੋੜੀਂਦੀ ਬਣਦੀ ਰਾਸ਼ੀ ਉਕਤ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਉਣਗੇ ।

10. ਉਕਤ ਕਮੇਟੀ ਪ੍ਰਾਪਤ ਰਾਸ਼ੀ ਦੇ ਖਰਚੇ ਦਾ ਵੇਰਵਾ ਵੱਖਰੀ ਕੈਸ਼ ਬੁੱਕ, ਪੇਸਟ ਫਾਈਲ ਅਤੇ ਕਾਰਵਾਈ ਰਜਿਸਟਰ ਤੇ ਦਰਜ ਕਰੇਗੀ ।

## 3.3 ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ

**ਨਿਯਮ:-**

1. ਹਰੇਕ ਜਿਲ੍ਹਾ ਪੱਧਰ ਤੇ 09 ਮੈਂਬਰੀ ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦਾ ਗਠਨ ਬਲਾਕ ਟੂਰਨਾਮੈਂਟ ਕਮੇਟੀਆਂ ਦੇ ਇਜਲਾਸ ਰਾਹੀਂ ਦੋ ਸਾਲਾਂ ਲਈ ਕੀਤਾ ਜਾਵੇਗਾ ।
2. ਉਕਤ ਟੂਰਨਾਮੈਂਟ ਕਮੇਟੀ ਦਾ ਗਠਨ ਵਿਦਿਅਕ ਵਰ੍ਹੇ ਦੇ ਵਿੱਚ ਅਪ੍ਰੈਲ ਦੇ ਆਖਰੀ ਹਫਤੇ ਕੀਤਾ ਜਾਵੇਗਾ। ਜੇਕਰ ਕਿਸੇ ਕਾਰਨ ਕਰਕੇ (ਸੇਵਾ ਮੁਕਤੀ/ਬਦਲੀ/ਮੌਤ/ਕਿਸੇ ਹੋਰ ਕਾਰਨ) ਅਹੁੱਦਾ ਖਾਲੀ ਹੈ ਤਾਂ ਉਸ ਥਾਂ ਉੱਤੇ ਨਾਮਜਦਗੀ ਕਰਨ ਦਾ ਅਧਿਕਾਰ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਕੋਲ ਹੋਵੇਗਾ।

### ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈ:

- ਪ੍ਰਧਾਨ — ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
- ਵਿੱਤ ਸਕੱਤਰ — ਉੱਪ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
- ਪ੍ਰਬੰਧਕੀ ਸਕੱਤਰ — ਜਿਲ੍ਹਾ ਸਪੋਰਟਸ ਕੋਆਡੀਨੇਟਰ
- ਐਡੀਟਰ — ਸੈਕਸ਼ਨ ਅਫ਼ਸਰ ਜਾਂ ਜਿਲ੍ਹੇ ਦੀ ਅੰਦਰੂਨੀ ਪੜਤਾਲ ਸੰਸਥਾ ਦਾ ਐਡੀਟਰ।
- ਸਹਾਇਕ ਪ੍ਰਬੰਧਕੀ ਸਕੱਤਰ — ਬਲਾਕ ਪੀ.ਟੀ.ਆਈ ਅਧਿਆਪਕ
- ਮੈਂਬਰ — ਸੈਂਟਰ ਹੈਡ ਟੀਚਰ
- ਮੈਂਬਰ — ਹੈੱਡ ਟੀਚਰ
- ਮੈਂਬਰ — ਈ.ਟੀ.ਟੀ ਅਧਿਆਪਕ (ਪੁਰਸ਼)
- ਮੈਂਬਰ — ਈ.ਟੀ.ਟੀ ਅਧਿਆਪਕ (ਮਹਿਲਾ)

## ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੇ ਕੰਮ ਅਤੇ ਜਿੰਮੇਵਾਰੀਆਂ ਹੇਠ ਲਿਖੇ ਅਨੁਸਾਰ ਹਨਃ-

1. ਜਿਲ੍ਹਾ ਪੱਧਰ ਟੂਰਨਾਮੈਂਟ ਕਮੇਟੀ, ਸੈਂਟਰ, ਬਲਾਕ ਅਤੇ ਜਿਲ੍ਹਾ ਪੱਧਰ ਦੇ ਟੂਰਨਾਮੈਂਟ ਲਈ ਖੇਡ ਸੰਚਾਲਨ ਨੀਤੀ ਵਿੱਚ ਦਰਜ ਅਨੁਸਾਰ ਖੇਡ ਸ਼ਡਿਊਲ ਜਾਰੀ ਕਰੇਗੀ ।
2. ਉਕਤ ਟੂਰਨਾਮੈਂਟ ਕਮੇਟੀ ਜਿਲ੍ਹਾ ਪੱਧਰ ਦੇ ਜੇਤੂ ਖਿਡਾਰੀਆਂ ਨੂੰ ਸਰਟੀਫਿਕੇਟ/ਤਮਗੇ/ਟਰਾਫੀਆਂ ਨਾਲ ਸਨਮਾਨਿਤ ਕਰੇਗੀ।
3. ਉਕਤ ਟੂਰਨਾਮੈਂਟ ਕਮੇਟੀ ਜਿਲ੍ਹਾ ਪੱਧਰ ਦੇ ਟੂਰਨਾਮੈਂਟ ਦੇ ਸੰਚਾਲਨ ਲਈ ਲੈਕਚਰਾਰ ਫਿਜੀਕਲ ਐਜੂਕੇਸ਼ਨ/ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਸੇਵਾਵਾਂ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਰਾਹੀਂ ਲਵੇਗੀ।
4. ਉਕਤ ਟੂਰਨਾਮੈਂਟ ਕਮੇਟੀ ਅੰਤਰ ਜਿਲ੍ਹਾ ਟੂਰਨਾਮੈਂਟ ਲਈ ਖਿਡਾਰੀਆਂ ਦੀ ਚੋਣ ਵੱਖ-ਵੱਖ ਖੇਡ ਮਾਹਿਰਾਂ ਦੀਆਂ ਕਮੇਟੀਆਂ ਬਣਾ ਕੇ ਮੈਰਿਟ ਦੇ ਅਧਾਰ ਤੇ ਕਰੇਗੀ।
5. ਉਕਤ ਟੂਰਨਾਮੈਂਟ ਕਮੇਟੀ ਖਿਡਾਰੀਆਂ ਦੀ ਪਾਤਰਤਾ ਦੀ ਨਿਯਮਾਂ ਅਨੁਸਾਰ ਪਰਖ ਕਰੇਗੀ।
6. ਸੈਂਟਰ ਅਤੇ ਬਲਾਕ ਪੱਧਰ ਦੇ ਟੂਰਨਾਮੈਂਟਾਂ ਲਈ, ਹਰੇਕ ਬਲਾਕ ਟੂਰਨਾਮੈਂਟ ਕਮੇਟੀ ਦੇ ਬੈਂਕ ਖਾਤੇ ਵਿੱਚ ਬਣਦੀ ਰਾਸ਼ੀ ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਜਿਲ੍ਹਾ ਸਿੱਖਿਆ ਅਫਸਰ (ਐਸਿ) ਵੱਲੋਂ ਜਾਰੀ ਕੀਤੀ ਜਾਵੇਗੀ।
7. ਜਿਲ੍ਹਾ ਟੂਰਨਾਮੈਂਟਾਂ ਦੇ ਸੰਚਾਲਨ ਲਈ **ਕੁੱਲ** 25000/- ਰੁਪਏ ਦੀ ਰਾਸ਼ੀ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿ.) **ਵੱਲੋਂ** ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਨੂੰ ਐਡਵਾਂਸ ਦਿੱਤੀ ਜਾਵੇਗੀ ।
8. ਉਕਤ ਟੂਰਨਾਮੈਂਟ ਕਮੇਟੀ ਖੇਡ ਜਾਬਤੇ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ,ਖਿਡਾਰੀ,ਟੀਮ ਇੰਚਾਰਜ,ਟੀਮ ਮੈਨੇਜਰ,ਆਫੀਸ਼ਲ,ਅਧਿਆਪਕ ਵਿਰੁੱਧ ਲੋੜੀਂਦੀ ਕਾਰਵਾਈ ਕਰੇਗੀ।

## 3.4 ਅੰਤਰ ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ

**ਨਿਯਮ:-**

ਹਰੇਕ ਮੇਜ਼ਬਾਨ ਜਿਲ੍ਹੇ ਵੱਲੋਂ ਹੇਠ ਦਰਸਾਏ ਅਨੁਸਾਰ 07 ਮੈਂਬਰੀ ਸਕੂਲ ਟੂਰਨਾਮੈਂਟ ਕਮੇਟੀ ਹੇਠ ਅਨੁਸਾਰ ਬਣਾਈ ਜਾਵੇਗੀ । ਜੋ ਮੁੱਖ ਦਫਤਰ ਤੋਂ ਭੇਜੇ ਗਏ ਖੇਡ ਕੈਲੰਡਰ ਅਨੁਸਾਰ ਅੰਤਰ ਜਿਲ੍ਹਾ ਟੂਰਨਾਮੈਂਟਾਂ ਦਾ ਸੁਚੱਜੇ ਢੰਗ ਨਾਲ ਸੰਚਾਲਨ ਕਰੇਗੀ ।

## ਅੰਤਰ ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈਃ-

- ਪ੍ਰਧਾਨ — ਡਾਇਰੈਕਟਰ ਸਕੂਲ ਐਜੂਕੇਸ਼ਨ(ਐ)
- ਜਨਰਲ ਸਕੱਤਰ — ਡਿਪਟੀ ਡਾਇਰੈਕਟਰ (ਫਿਜੀ.ਐਜੂ)
- ਵਿੱਤ ਸਕੱਤਰ — ਜਿਲ੍ਹਾ ਸਿੱਖਿਆ ਅਫਸਰ (ਐ.ਸਿ)
- ਸਹਾਇਕ ਵਿੱਤ ਸਕੱਤਰ — ਉੱਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ)
- ਪ੍ਰਬੰਧਕੀ ਸਕੱਤਰ — ਜਿਲ੍ਹਾ ਸਪੋਰਟਸ ਕੋਆਰਡੀਨੇਟਰ
- ਮੈਂਬਰ — ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
- ਮੈਂਬਰ — ਬਲਾਕ ਪ੍ਰਾਇਮਰੀ ਸਿੱਖਿਆ ਅਫਸਰ

## ਅੰਤਰ ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੇ ਕੰਮ ਅਤੇ ਜਿੰਮੇਵਾਰੀਆਂ ਹੇਠ ਲਿਖੇ ਅਨੁਸਾਰ ਹਨः-

1. ਉਕਤ ਕਮੇਟੀ ਅੰਤਰ ਜਿਲ੍ਹਾ ਸਕੂਲ ਖੇਡਾਂ ਲਈ ਮੇਜਬਾਨ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਰਾਹੀਂ ਵੱਖ– ਵੱਖ ਕਾਰਜਾਂ ਲਈ ਸਬ ਕਮੇਟੀਆਂ ਬਣਾਕੇ ਸਮੁੱਚੇ ਟੂਰਨਾਮੈਂਟ ਦੇ ਸੰਚਾਲਨ ਦਾ ਪ੍ਰਬੰਧ ਕਰੇਗੀ (ਖਿਡਾਰੀਆਂ ਦੀ ਪਾਤਰਤਾ, ਮਿਆਰੀ ਖੇਡ ਮੈਦਾਨ , ਰਿਹਾਇਸ਼,ਤਮਗੇ, ਸਰਟੀਫਿਕੇਟ ,ਮੈਡਲ, ਟਰਾਫੀਆਂ, ਮੈਸ ਆਦਿ)।
2. ਅੰਤਰ ਜਿਲ੍ਹਾ ਸਕੂਲ ਖੇਡਾਂ ਦੇ ਜੇਤੂ ਖਿਡਾਰੀਆਂ ਨੂੰ ਇਨਾਮੀ ਰਾਸ਼ੀ (ਪਹਿਲਾਂ ਸਥਾਨ-1000/-, ਦੂਜਾ ਸਥਾਨ -700/- ਅਤੇ ਤੀਜਾ ਸਥਾਨ-500/- ਪ੍ਰਤੀ ਖਿਡਾਰੀ) ਨਾਲ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਇਹ ਰਾਸ਼ੀ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਨੂੰ ਦਿੱਤੀ 15% ਰਾਸੀ ਵਿੱਚੋਂ ਦਿੱਤੀ ਜਾਵੇਗੀ।
3. ਸੈਂਟਰ, ਬਲਾਕ, ਜਿਲ੍ਹਾ ਅਤੇ ਅੰਤਰ ਜਿਲ੍ਹਾ ਖੇਡਾਂ ਲਈ ਹੋਣ ਵਾਲਾ ਖਰਚਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਡਾਇਰੈਕਟਰ ਸਕੂਲ ਐਜੂਕੇਸ਼ਨ (ਐ.ਸਿ) ਤੋਂ ਅਗਾਊਂ ਪ੍ਰਾਪਤ ਕਰਨਗੇ ।
4. ਖੇਡ ਜਾਬਤੇ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ,ਖਿਡਾਰੀ,ਟੀਮ ਇੰਚਾਰਜ,ਟੀਮ ਮੈਨੇਜਰ,ਆਫੀਸ਼ਲ ਅਤੇ ਅਧਿਆਪਕ ਵਿਰੁੱਧ ਵਿਭਾਗੀ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕਰੇਗੀ।
5. ਅੰਤਰ ਜਿਲ੍ਹਾ ਖੇਡਾਂ ਦੌਰਾਨ ਖਿਡਾਰੀਆਂ,ਟੀਮ ਇੰਚਾਰਜ,ਟੀਮ ਮੈਨੇਜਰ ਨੂੰ 200/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਮੇਜਬਾਨ ਜਿਲ੍ਹੇ ਵੱਲੋਂ ਖੁਰਾਕ ਮੁਹੱਈਆਂ ਕਰਵਾਈ ਜਾਵੇਗੀ।
6. ਅੰਤਰ ਜਿਲ੍ਹਾ ਟੂਰਨਾਮੈਂਟ ਦੌਰਾਨ ਵੱਖ-ਵੱਖ ਆਫੀਸ਼ਲਜ ਨੂੰ ਜਰੂਰਤ ਅਨੁਸਾਰ ਰਿਫਰੈਸ਼ਮੈਂਟ ਅਤੇ ਖਾਣਾ ਮੇਜ਼ਬਾਨ ਜਿਲ੍ਹੇ ਵੱਲੋਂ ਦਿੱਤਾ ਜਾਵੇਗਾ ।

## 4.0 ਪ੍ਰਾਇਮਰੀ ਸਕੂਲ ਖੇਡਾਂ ਕਰਵਾਉਣ ਲਈ ਹਦਾਇਤਾਂः-

1. ਇੱਕ ਖਿਡਾਰੀ 02 ਖੇਡਾਂ, ਐਥਲੈਟਿਕਸ ਦੇ 2 ਈਵੈਂਟਾਂ ਅਤੇ ਰਿਲੇਅ ਰੇਸ ਵਿੱਚ ਭਾਗ ਲੈ ਸਕਦਾ ਹੈ।
2. ਪ੍ਰਾਇਮਰੀ ਪੱਧਰ ਦੇ ਮੁਕਾਬਲਿਆਂ ਵਿੱਚ ਪਹਿਲੀਂ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀ ਭਾਗ ਲੈਣਗੇ।
3. ਐਲ.ਕੇ.ਜੀ. ਅਤੇ ਯੂ.ਕੇ.ਜੀ. ਦੇ ਵਿਦਿਆਰਥੀ ਸੈਂਟਰ ਪੱਧਰ ਤੱਕ ਮੰਨੋਰੰਜਕ ਕ੍ਰਿਆਵਾਂ ਵਿੱਚ ਭਾਗ ਲੈਣਗੇ ਅਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।
4. ਸੈਂਟਰ ,ਬਲਾਕ ,ਜਿਲ੍ਹਾ ,ਅੰਤਰ ਜਿਲ੍ਹਾ ਟੂਰਨਾਮੈਂਟਾਂ ਵਿੱਚ ਭਾਗ ਲੈਣ ਖਿਡਾਰੀਆਂ ਦੀ ਉਮਰ ,ਚਾਲੂ ਸਾਲ ਦੇ 31 ਦਸੰਬਰ ਤੱਕ 11 ਸਾਲ ਤੋਂ ਘੱਟ ਹੋਣੀ ਲਾਜ਼ਮੀ ਹੋਵੇਗੀ।
5. ਅੰਤਰ ਜਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਲਈ ਹਰ ਸਾਲ ਖੇਡ ਕੈਲੰਡਰ ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ(ਸੈ) ਵੱਲੋਂ ਜਾਰੀ ਕੀਤਾ ਜਾਵੇਗਾ।
6. ਡਾਇਰੈਕਟਰ ਸਕੂਲ ਐਜੂਕੇਸ਼ਨ (ਐ) ਵੱਲੋਂ ਸਾਰੇ ਜਿਲ੍ਹਿਆਂ ਨੂੰ ਸਕੂਲ ਟੂਰਨਾਮੈਂਟ ਕਰਵਾਉਣ ਲਈ ਲੋੜੀਂਦੀਂ ਰਾਸ਼ੀ ਅਗਾਊਂ ਜਾਰੀ ਕੀਤੀ ਜਾਵੇਗੀ । ਹਰੇਕ ਜਿਲ੍ਹਾ ਸਿੱਖਿਆ ਅਫਸਰ(ਐਸਿ) ਪ੍ਰਾਪਤ ਰਾਸ਼ੀ

ਅਤੇ ਖਰਚ ਦਾ ਹਿਸਾਬ ਵੱਖਰੀ ਕੈਸ਼ ਬੁੱਕ, ਪੇਸਟ ਫਾਈਲ ਅਤੇ ਕਾਰਵਾਈ ਰਜਿਸਟਰ ਵਿੱਚ ਦਰਜ ਕਰੇਗਾ।

7. ਖਿਡਾਰੀ/ਟੀਮਾਂ ਦੀ ਗਿਣਤੀ ਦੇ ਅਧਾਰ ਤੇ ਸੈਂਟਰ, ਬਲਾਕ, ਜਿਲ੍ਹਾ ਪੱਧਰ ਤੇ ਖੇਡਾਂ ਕਰਵਾਈਆਂ ਜਾਣਗੀਆਂ। 04 ਤੋਂ ਘੱਟ ਟੀਮਾਂ/ਖਿਡਾਰੀ ਹੋਣ ਤੇ ਲੀਗ ਮੁਕਾਬਲੇ ਹੋਣਗੇ। 04 ਜਾਂ 04 ਤੋਂ ਵੱਧ ਟੀਮਾਂ/ਖਿਡਾਰੀ ਹੋਣ ਤੇ,ਨਾਕ ਆਉਟ ਪੱਧਰ ਤੇ ਮੁਕਾਬਲੇ ਕਰਵਾਏ ਜਾਣਗੇ।

8. ਅੰਤਰ ਜਿਲ੍ਹਾ ਸਕੂਲ ਖੇਡਾਂ ਲਈ ਸਾਰੇ ਖਿਡਾਰੀਆਂ,ਟੀਮ ਇੰਚਾਰਜ ਅਤੇ ਟੀਮ ਮੈਨੇਜਰ ਲਈ ਮੌਸਮ ਅਨੁਸਾਰ ਰਿਹਾਇਸ਼ ਅਤੇ ਬਿਸਤਰੇ ਦਾ ਪ੍ਰਬੰਧ ਮੇਜਬਾਨ ਜਿਲ੍ਹੇ ਵੱਲੋਂ ਕੀਤਾ ਜਾਵੇਗਾ।

9. ਅੰਤਰ ਜਿਲ੍ਹਾ ਸਕੂਲ ਖੇਡਾਂ ਦੌਰਾਨ ਖਿਡਾਰੀਆਂ,ਟੀਮ ਇੰਚਾਰਜ ਅਤੇ ਟੀਮ ਮੈਨੇਜਰ ਨੂੰ ਆਉਣ-ਜਾਣ ਦਾ ਕਿਰਾਇਆ (ਬੱਸ ਜਾਂ ਰੇਲਵੇ) ਪਿੱਤਰੀ ਜਿਲ੍ਹੇ ਵੱਲੋਂ ਪ੍ਰਦਾਨ ਕੀਤਾ ਜਾਵੇਗਾ।

10. ਅੰਤਰ ਜਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਲਈ ਪ੍ਰਤੀ ਖਿਡਾਰੀ (ਟੀ-ਸ਼ਰਟ ਅਤੇ ਨਿੱਕਰ) ਪਿੱਤਰੀ ਜਿਲ੍ਹੇ ਵੱਲੋਂ ਦਿੱਤੇ ਜਾਣਗੇ। ਇਨ੍ਹਾਂ ਨੂੰ ਖ੍ਰੀਦਣ ਤੇ ਆਉਣ ਵਾਲਾ ਖਰਚਾ ਪਿੱਤਰੀ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪਾਸ ਮੌਜੂਦ ਸਪੋਰਟਸ ਫੰਡ ਵਿੱਚੋਂ ਵਿਭਾਗੀ ਨਿਯਮਾਂ ਅਨੁਸਾਰ ਕੀਤਾ ਜਾਵੇਗਾ। ਖਿਡਾਰੀਆਂ ਦੀ ਕੁੱਲ ਗਿਣਤੀ ਅਤੇ ਸਾਈਜ਼ (ਟੀ ਸ਼ਰਟ ਅਤੇ ਨਿੱਕਰ) ਜਿਲ੍ਹਾ ਸਿੱਖਿਆ ਅਫਸਰ(ਐ.ਸਿ) ਲਿਖਤੀ ਤੌਰ ਤੇ ਅਗਾਊਂ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਨੂੰ ਦੇਣਗੇ ਤਾਂ ਜੋ (ਟੀ-ਸ਼ਰਟ, ਨਿਕਰ) ਦੀ ਖਰੀਦ ਸਮੇਂ ਸਿਰ ਕੀਤੀ ਜਾ ਸਕੇ।

11. ਹਰ ਜਿਲ੍ਹੇ ਲਈ ਟੀ-ਸ਼ਰਟ, ਨਿੱਕਰ ਦਾ ਰੰਗ ਮੁੱਖ ਦਫਤਰ ਦੀ ਸਪੋਰਟਸ ਸ਼ਾਖਾ ਵੱਲੋਂ ਵੱਖਰਾ-ਵੱਖਰਾ ਅਲਾਟ ਕੀਤਾ ਜਾਵੇਗਾ।

12. ਖਿਡਾਰੀ ਨੂੰ ਸਾਲ ਵਿੱਚ ਸਿਰਫ ਇੱਕ ਵਾਰ ਹੀ ਟੀ-ਸ਼ਰਟ ਅਤੇ ਨਿੱਕਰ ਦਿੱਤੀ ਜਾਵੇਗੀ ਭਾਵੇਂ ਕਿ ਉਹ ਇੱਕ ਤੋਂ ਵੱਧ ਖੇਡਾਂ, ਅਥਲੈਟਿਕਸ ਵਿੱਚ ਭਾਗ ਲੈ ਰਿਹਾ ਹੋਵੇ ।

13. ਸੈਂਟਰ, ਬਲਾਕ, ਜਿਲ੍ਹਾ ਅਤੇ ਅੰਤਰ ਜਿਲ੍ਹਾ ਪੱਧਰ ਦੇ ਟੂਰਨਾਮੈਂਟ ਦੌਰਾਨ ਹਰੇਕ ਖੇਡ ਗਰਾਉਂਡ ਵਿੱਚ ਫ੍ਰਸਟ-ਏਡ ਕਿਟ ਹੋਣੀ ਲਾਜਮੀ ਹੋਵੇਗੀ। ਖਿਡਾਰੀ ਦੇ ਸੱਟ ਲੱਗਣ ਦੀ ਸੂਰਤ ਵਿੱਚ ਆਉਣ ਵਾਲਾ ਮੈਡੀਕਲ ਖਰਚਾ ਵੱਧ ਤੋਂ ਵੱਧ 20000/- (ਵੀਹ ਹਜਾਰ ਰੁਪਏ) ਤੱਕ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਵੱਲੋਂ ਸਪੋਰਟਸ ਫੰਡ ਦੀ ਰਾਸ਼ੀ ਵਿੱਚੋਂ ਜਾਰੀ ਕੀਤਾ ਜਾਵੇਗਾ।

## 5.0 ਸਕੂਲ ਖੇਡ ਸੰਚਾਲਨ ਢਾਂਚਾ (ਸੈਕੰਡਰੀ ਸਿੱਖਿਆ)

ਸਕੂਲ ਸਿੱਖਿਆ ਵਿਭਾਗ (ਸੈ.ਸਿ) ਦੀਆਂ ਸਕੂਲ ਖੇਡਾਂ ਦੇ ਸੰਚਾਲਨ ਲਈ 4 ਪੱਧਰ ਤੇ ਸਕੂਲ ਟੂਰਨਾਮੈਂਟ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ ।

5.1 ਜੋਨਲ ਪੱਧਰ ਸਕੂਲ ਟੂਰਨਾਮੈਂਟ ਕਮੇਟੀ

5.2 ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ

5.3 ਅੰਤਰ-ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ

5.4 ਨੈਸ਼ਨਲ ਪੱਧਰ ਸਕੂਲ ਟੂਰਨਾਮੈਂਟ ਕਮੇਟੀ

## 5.1 ਜੋਨਲ ਪੱਧਰ ਸਕੂਲ ਟੂਰਨਾਮੈਂਟ ਕਮੇਟੀ

**ਨਿਯਮ:-**

1. ਹਰੇਕ ਜੋਨਲ ਸਕੂਲ ਪੱਧਰ ਤੇ 07 ਮੈਂਬਰੀ ਜੋਨਲ ਪੱਧਰ ਟੂਰਨਾਮੈਂਟ ਕਮੇਟੀ ਦਾ ਗਠਨ 2 ਸਾਲ ਲਈ ਜਨਰਲ ਇਜਲਾਸ ਰਾਹੀਂ ਵਿਦਿਅਕ ਵਰ੍ਹੇ ਵਿੱਚ (1 ਤੋਂ 10 ਅਪ੍ਰੈਲ) ਤੱਕ ਕੀਤਾ ਜਾਵੇਗਾ।
2. ਉਕਤ ਸਕੂਲ ਟੂਰਨਾਮੈਂਟ ਕਮੇਟੀ ਦੀ ਚੋਣ ਜੋਨ ਦੇ ਸਾਰੇ ਸਕੂਲਾਂ ਦੇ ਸਕੂਲ ਮੁੱਖੀ ਅਤੇ ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕ ਸਰਵਸੰਮਤੀ ਨਾਲ ਜਨਰਲ ਇਜਲਾਸ ਰਾਹੀਂ ਕਰਨਗੇ।ਜੇਕਰ (ਬਦਲੀ/ਸੇਵਾ ਮੁਕਤੀ/ਮੌਤ/ਕਿਸੇ ਹੋਰ ਕਾਰਨ) ਕੋਈ ਅਹੁਦਾ ਖਾਲੀ ਹੁੰਦਾ ਹੈ ਤਾਂ ਉਸ ਦੀ ਥਾਂ ਤੇ ਨਾਮਜਦਗੀ ਕਰਨ ਦਾ ਅਧਿਕਾਰ ਪ੍ਰਧਾਨ ਜੋਨਲ ਸਕੂਲ ਟੂਰਨਾਮੈਂਟ ਕਮੇਟੀ ਕੋਲ ਹੋਵੇਗਾ।

### ਜੋਨਲ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈਃ-

| | |
|---|---|
| • ਪ੍ਰਧਾਨ | ਪ੍ਰਿੰਸੀਪਲ/ਮੁੱਖ ਅਧਿਆਪਕ |
| • ਜਨਰਲ ਸਕੱਤਰ ਅਤੇ ਪ੍ਰਬੰਧਕੀ ਸਕੱਤਰ | ਲੈਕ. ਫਿਜੀ.ਐਜੂ./ਸਰੀਰਕ ਸਿੱਖਿਆ ਅਧਿਆਪਕ |
| • ਵਿੱਤ ਸਕੱਤਰ | ਲੈਕ. ਫਿਜੀ.ਐਜੂ/ਸਰੀਰਕ ਸਿੱਖਿਆ ਅਧਿਆਪਕ |
| • ਮੈਂਬਰ | ਲੈਕ. ਫਿਜੀ.ਐਜੂ / ਸਰੀਰਕ ਸਿੱਖਿਆ ਅਧਿਆਪਕ (ਪੁਰਸ਼) |
| • ਮੈਂਬਰ | ਲੈਕ. ਫਿਜੀ.ਐਜੂ /ਸਰੀਰਕ ਸਿੱਖਿਆ ਅਧਿਆਪਕ (ਪੁਰਸ਼) |
| • ਮੈਂਬਰ | ਲੈਕ. ਫਿਜੀ.ਐਜੂ /ਸਰੀਰਕ ਸਿੱਖਿਆ ਅਧਿਆਪਕ (ਮਹਿਲਾ) |
| • ਮੈਂਬਰ | ਲੈਕ. ਫਿਜੀ.ਐਜੂ/ ਸਰੀਰਕ ਸਿੱਖਿਆ ਅਧਿਆਪਕ (ਮਹਿਲਾ) |

### ਜੋਨਲ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੇ ਕੰਮ ਅਤੇ ਜਿੰਮੇਵਾਰੀਆਂ ਹੇਠ ਲਿਖੇ ਅਨੁਸਾਰ ਹਨਃ-

1. ਜੋਨਲ ਪੱਧਰ ਸਕੂਲ ਟੂਰਨਾਮੈਂਟ ਕਮੇਟੀ , ਜਿਲ੍ਹਾ ਪੱਧਰ ਟੂਰਨਾਮੈਂਟ ਕਮੇਟੀ ਵੱਲੋਂ ਜਾਰੀ ਖੇਡ ਸ਼ਡਿਊਲ ਅਨੁਸਾਰ ਹੀ ਜੋਨਲ ਟੂਰਨਾਮੈਂਟ ਦਾ ਸੰਚਾਲਨ ਕਰਵਾਏਗੀ।
2. ਜੋਨਲ ਪੱਧਰ ਸਕੂਲ ਟੂਰਨਾਮੈਂਟ ਦੇ ਜੇਤੂ (ਪਹਿਲਾ,ਦੂਜਾ,ਤੀਜਾ ਸਥਾਨ) ਅਤੇ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਟੂਰਨਾਮੈਂਟ ਖਤਮ ਹੋਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਸਰਟੀਫਿਕੇਟਾਂ ਨਾਲ ਸਨਮਾਨਿਤ ਕਰੇਗੀ।
3. ਉਕਤ ਸਕੂਲ ਟੂਰਨਾਮੈਂਟ ਕਮੇਟੀ ਜੋਨਲ ਪੱਧਰ ਦੇ ਸਕੂਲ ਟੂਰਨਾਮੈਂਟਾਂ ਦੇ ਸੁਚਾਰੂ ਸੰਚਾਲਨ ਲਈ ਜੋਨ ਦੇ ਲੈਕਚਰਾਰ ਫਿਜੀਕਲ ਐਜੂਕੇਸ਼ਨ/ਸਰੀਰਕ ਸਿੱਖਿਆ ਅਧਿਆਪਕਾਂ ਅਤੇ ਵਿਭਾਗ ਦੇ ਹੋਰ ਯੋਗ ਕਰਮਚਾਰੀਆਂ ਦੀਆਂ ਸੇਵਾਵਾਂ ਲਵੇਗੀ । ਖੇਡ ਵਿਭਾਗ/ਸਾਈ ਦੇ ਕੋਚਿਜ਼ ਦੀਆਂ ਸੇਵਾਵਾਂ ਉਨ੍ਹਾਂ ਦੇ

ਸਮਰੱਥ ਅਧਿਕਾਰੀ ਰਾਹੀਂ ਲੈ ਸਕਦੀ ਹੈ । ਉਪਰੋਕਤ ਡਿਊਟੀਆਂ ਲਈ ਪ੍ਰਧਾਨ ਜੋਨਲ ਸਕੂਲ ਟੂਰਨਾਮੈਂਟ ਕਮੇਟੀ ਸਮਰੱਥ ਅਧਿਕਾਰੀ ਹੋਵੇਗਾ।

4. ਉਕਤ ਸਕੂਲ ਟੂਰਨਾਮੈਂਟ ਕਮੇਟੀ ਜੋਨਲ ਟੂਰਨਾਮੈਂਟ ਦੌਰਾਨ ਵੱਖ-ਵੱਖ ਖੇਡਾਂ ਲਈ ਵੱਖ-ਵੱਖ ਕਮੇਟੀਆਂ ਬਣਾ ਕੇ ਖਿਡਾਰੀਆਂ ਦੀ ਚੋਣ ਮੈਰਿਟ ਦੇ ਆਧਾਰ ਤੇ ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਲਈ ਕਰੇਗੀ । ਟੀਮ ਖੇਡਾਂ ਦੇ ਸਿਲੈਕਟ ਕੀਤੇ ਖਿਡਾਰੀਆਂ ਦੇ ਆਪਸੀ ਖੇਡ ਤਾਲਮੇਲ ਲਈ ਜਰੂਰਤ ਅਨੁਸਾਰ ਘੱਟੋ-ਘੱਟ 03 ਤੋਂ 05 ਦਿਨ ਦੇ ਸਿਖਲਾਈ ਕੈਂਪ ਲਗਾਏਗੀ ।

5. ਜੋਨਲ ਸਕੂਲ ਟੂਰਨਾਮੈਂਟ ਦੌਰਾਨ ਖਿਡਾਰੀ ਦੇ ਸੱਟ ਲੱਗਣ ਦੀ ਸੂਰਤ ਵਿੱਚ ਹੋਣ ਵਾਲਾ ਖਰਚਾ (ਵੱਧ ਤੋਂ ਵੱਧ 20,000/- ਰੁਪਏ (ਵੀਹ ਹਜ਼ਾਰ ਰੁਪਏ) ਤੱਕ ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਫੰਡ ਵਿੱਚੋਂ ਦਿੱਤਾ ਜਾਵੇਗਾ। ਜੋਨਲ ਪ੍ਰਧਾਨ ਇਸ ਘਟਨਾ ਦੀ ਲਿਖਤੀ ਸੂਚਨਾ ਪ੍ਰਧਾਨ ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਨੂੰ ਦੇਣਗੇ ਅਤੇ ਮੈਡੀਕਲ ਖਰਚਾ ਬਿੱਲ ਪ੍ਰਤੀ ਹਸਤਾਖਰ ਕਰਨ ਉਪਰੰਤ ਬਣਦੀ ਰਾਸ਼ੀ ਲਈ ਚੈੱਕ ਪ੍ਰਾਪਤ ਕਰਨਗੇ ।

6. ਉਕਤ ਸਕੂਲ ਟੂਰਨਾਮੈਂਟ ਕਮੇਟੀ ਖਿਡਾਰੀਆਂ ਦੀ ਪਾਤਰਤਾ ਸਬੰਧੀ ਵਿਭਾਗ ਦੇ ਨਿਰਧਾਰਿਤ ਨਿਯਮਾਂ ਅਨੁਸਾਰ ਪਰਖ ਕਰੇਗੀ।

7. ਉਕਤ ਸਕੂਲ ਟੂਰਨਾਮੈਂਟ ਕਮੇਟੀ ਖੇਡ ਮੁਕਾਬਲਿਆ ਦੌਰਾਨ ਪੈਦਾ ਹੋਣ ਵਾਲੇ ਵਿਵਾਦਾਂ ਦਾ ਵਿਭਾਗੀ/ਖੇਡ ਨਿਯਮਾਂ ਅਨੁਸਾਰ ਨਿਪਟਾਰਾ ਕਰੇਗੀ। ਖੇਡ ਜਾਬਤੇ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ,ਖਿਡਾਰੀ,ਟੀਮ ਇੰਚਾਰਜ, ਟੀਮ ਮੈਨੇਜਰ ਅਤੇ ਆਫੀਸ਼ੀਅਲ ਵਿਰੁੱਧ ਬਣਦੀ ਕਾਰਵਾਈ ਲਈ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਨੂੰ ਸ਼ਿਫਾਰਿਸ਼ ਕਰੇਗੀ।

8. ਜੋਨਲ ਪੱਧਰ **ਸਕੂਲ** ਟੂਰਨਾਮੈਂਟ ਕਮੇਟੀ (**ਜੋਨਲ ਸਕੂਲ ਟੂਰਨਾਮੈਂਟ ਕਮੇਟੀ**) ਦੇ ਨਾਮ ਤੇ ਬੈਂਕ ਖਾਤਾ ਖੁਲਵਾਏਗੀ। ਜਿਸਨੂੰ ਅਪਰੇਟ ਕਰਨ ਲਈ ਪ੍ਰਧਾਨ ਅਤੇ ਵਿੱਤ ਸਕੱਤਰ ਸਮਰੱਥ ਅਧਿਕਾਰੀ ਹੋਣਗੇ।

9. ਜੋਨਲ ਪੱਧਰ **ਸਕੂਲ** ਟੂਰਨਾਮੈਂਟ ਕਮੇਟੀ ਹਰ ਸਾਲ ਜੋਨਲ ਪੱਧਰ **ਸਕੂਲ** ਟੂਰਨਾਮੈਂਟ ਤੇ ਹੋਏ ਖਰਚ ਅਤੇ ਆਮਦਨ ਦਾ ਵੇਰਵਾ ਵੱਖਰੀ ਕੈਸ਼ ਬੁੱਕ,ਪੇਸਟ ਫਾਈਲ ਅਤੇ ਕਾਰਵਾਈ ਰਜਿਸਟਰ ਤੇ ਦਰਜ਼ ਕਰੇਗੀ।

10. ਜੋਨਲ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਹਰ ਸਾਲ ਜੋਨਲ ਟੂਰਨਾਮੈਂਟ ਦੇ ਸੰਚਾਲਨ ਲਈ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਤੋਂ 25000/- ਰੁਪਏ ਅਡਵਾਂਸ ਪ੍ਰਾਪਤ ਕਰੇਗੀ।

11. ਜੋਨਲ ਸਕੂਲ ਟੂਰਨਾਮੈਂਟ ਖਤਮ ਹੋਣ ਦੇ ਤੁਰੰਤ ਬਾਅਦ ਖਿਡਾਰੀਆਂ ਦੀ ਕੁੱਲ ਗਿਣਤੀ ਅਨੁਸਾਰ ਪ੍ਰਧਾਨ ਜੋਨਲ ਸਕੂਲ ਟੂਰਨਾਮੈਂਟ ਕਮੇਟੀ ਲਿਖਤੀ ਤੌਰ ਤੇ ਸਰਟੀਫਿਕੇਟਾਂ ਦੀ ਮੰਗ ਪ੍ਰਧਾਨ ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਨੂੰ ਕਰਨਗੇ।

12. ਜੋਨਲ ਪੱਧਰ ਤੇ ਟੀਮਾਂ/ਖਿਡਾਰੀਆਂ ਦੀ ਗਿਣਤੀ 02 ਹੈ ਤਾਂ ਟਰਾਇਲ ਹੋਣਗੇ ਅਤੇ ਜੇਕਰ ਗਿਣਤੀ 03 ਹੈ ਤਾਂ ਲੀਗ ਵਿੱਧੀ ਰਾਹੀਂ ਟੂਰਨਾਮੈਂਟ ਕਰਵਾਇਆ ਜਾਵੇਗਾ। ਜੇਕਰ ਟੀਮਾਂ ਦੀ ਗਿਣਤੀ 04 ਜਾਂ 04 ਤੋਂ ਵੱਧ ਹੈ ਤਾਂ ਨਾਕ-ਆਉਟ ਪੱਧਰ ਤੇ ਟੂਰਨਾਮੈਂਟ ਕਰਵਾਇਆ ਜਾਵੇਗਾ। ਖਿਡਾਰੀਆਂ ਦੀ ਚੋਣ ਮੈਰਿਟ ਦੇ ਅਧਾਰ ਤੇ ਕਰਕੇ ਟੀਮਾਂ ਜਿਲ੍ਹਾ ਪੱਧਰ ਟੂਰਨਾਮੈਂਟ ਖੇਡਣ ਲਈ ਭੇਜੀਆਂ ਜਾਣਗੀਆਂ। ਟਰਾਇਲ ਹੋਣ ਤੇ ਖਿਡਾਰੀਆਂ ਨੂੰ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਵੇਗਾ।

13. ਜੋਨਲ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਹਰ ਸਾਲ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੇ ਹਰੇਕ ਸਕੂਲ ਤੋਂ ਟੂਰਨਾਮੈਂਟ ਫੀਸ ਦੇ ਰੂਪ ਵਿੱਚ 12/- ਰੁਪਏ ਪ੍ਰਤੀ ਵਿਦਿਆਰਥੀ ਸਲਾਨਾ ਦਰ ਨਾਲ (ਸਕੂਲ ਦੇ 9ਵੀਂ ਤੋਂ 12ਵੀਂ ਜਮਾਤ ਦੇ ਸਾਰੇ ਵਿਦਿਆਰਥੀ ) ਦੇ ਹਿਸਾਬ ਨਾਲ ਪਿਛਲੇ ਸਾਲ ਦੀ ਗਿਣਤੀ ਅਨੁਸਾਰ ਰਾਸ਼ੀ ਪ੍ਰਾਪਤ ਕਰੇਗੀ। ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ ਉਕਤ ਰਾਸ਼ੀ ਅਮਲਗਾਮੇਟਿਡ ਫੰਡ ਵਿੱਚੋਂ ਅਦਾ ਕੀਤੀ ਜਾਵੇਗੀ।

14. ਜੋਨਲ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਵਲੋਂ ਜੋਨਲ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਦਾ ਟੂਰਨਾਮੈਂਟ ਸਬੰਧੀ ਰਿਕਾਰਡ ਜੋਨਲ ਹੈੱਡਕੁਆਰਟਰ ਸਕੂਲ ਵਿੱਚ ਸੰਭਾਲਕੇ ਰੱਖਿਆ ਜਾਵੇਗਾ ਅਤੇ ਖਿਡਾਰੀਆਂ ਨੂੰ ਸਮੇਂ-ਸਮੇਂ ਤੇ ਗਰੇਡੇਸ਼ਨ ਲਈ ਰਿਕਾਰਡ ਉਪਲਬਧ ਕਰਵਾਇਆ ਜਾਵੇਗਾ।

15. ਉਕਤ ਕਮੇਟੀ ਇਕੱਤਰ ਕੀਤੀ ਜਾਣ ਵਾਲੀ ਟੂਰਨਾਮੈਂਟ ਫੀਸ ਲਈ ਰਸੀਦ ਬੁੱਕ ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਤੋਂ ਪ੍ਰਾਪਤ ਕਰੇਗੀ ਅਤੇ ਇਕੱਤਰ ਕੀਤੀ ਕੁੱਲ ਰਾਸ਼ੀ ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਨੂੰ ਜਮ੍ਹਾਂ ਕਰਵਾਏਗੀ।

16. ਉਕਤ ਕਮੇਟੀ ਜੋਨਲ ਸਕੂਲ ਟੂਰਨਾਮੈਂਟ ਦੌਰਾਨ ਸੰਚਾਲਨ ਆਫੀਸ਼ਲਾਂ ਨੂੰ ਜਰੂਰਤ ਅਨੁਸਾਰ ਰਿਫ੍ਰੈਸ਼ਮੈਂਟ ਦਾ ਪ੍ਰਬੰਧ ਕਰੇਗੀ ।

17. ਉਕਤ ਕਮੇਟੀ ਸਕੂਲ ਟੂਰਨਾਮੈਂਟ ਦੌਰਾਨ ਖਿਡਾਰੀਆਂ ਲਈ ਮਿਆਰੀ ਖੇਡ ਮੈਦਾਨ, ਖੇਡ ਸਮਾਨ ਉੱਪਲਬਧ ਕਰਵਾਏਗੀ ਅਤੇ ਹਰੇਕ ਗਰਾਉਂਡ ਵਿੱਚ ਫਸਟ ਏਡ ਕਿੱਟ ਹੋਣੀ ਲਾਜ਼ਮੀ ਹੋਵੇਗੀ ।

## 5.2 ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ

**ਨਿਯਮ:-**

1. ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦਾ ਗਠਨ ਵਿਦਿਅਕ ਵਰ੍ਹੇ ਦੇ ਆਰੰਭ ਵਿੱਚ (10 ਤੋਂ 20 ਅਪ੍ਰੈਲ ਤੱਕ) ਜਨਰਲ ਇਜਲਾਸ ਰਾਹੀਂ 2 ਸਾਲ ਲਈ ਕੀਤਾ ਜਾਵੇਗਾ ਜਿਸ ਦੇ 07 ਮੈਂਬਰ ਹੋਣਗੇ।
2. ਜੇਕਰ (ਬਦਲੀ/ਸੇਵਾ ਮੁਕਤੀ/ਮੌਤ/ਕਿਸੇ ਹੋਰ ਕਾਰਨ) ਕੋਈ ਅਹੁੱਦਾ ਖਾਲੀ ਹੁੰਦਾ ਹੈ ਤਾਂ ਉਸਦੀ ਥਾਂ ਤੇ ਨਾਮਜਦਗੀ ਕਰਨ ਦਾ ਅਧਿਕਾਰ ਪ੍ਰਧਾਨ ਜਿਲ੍ਹਾ ਟੂਰਨਾਮੈਂਟ ਕਮੇਟੀ ਕੋਲ ਹੋਵੇਗਾ।

### ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈ:-

- ਪ੍ਰਧਾਨ — ਜਿਲ੍ਹਾ ਸਿੱਖਿਆ ਅਫਸਰ (ਸੈਸਿ)
- ਸੀਨੀ. ਮੀਤ ਪ੍ਰਧਾਨ — ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ
- ਜਨਰਲ ਸਕੱਤਰ — ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ ।
- ਪ੍ਰਬੰਧਕੀ ਅਤੇ ਵਿੱਤ ਸਕੱਤਰ — ਜਿਲ੍ਹਾ ਸਪੋਰਟਸ ਕੋਆਰਡੀਨੇਟਰ।
- ਸਹਾਇਕ ਸਕੱਤਰ — ਲੈਕ. ਫਿਜੀ.ਐਜੂ. /ਸਰੀਰਕ ਸਿੱਖਿਆ ਅਧਿਆਪਕ।
- ਆਡੀਟਰ — ਜਿਲ੍ਹਾ ਸਿੱਖਿਆ ਦਫਤਰ ਦਾ ਸੈਕਸ਼ਨ ਅਫਸਰ ਜਾਂ ਜਿਲ੍ਹੇ ਦੀ ਅੰਦਰੂਨੀ ਪੜ੍ਹਤਾਲ ਸੰਸਥਾਂ ਦਾ ਐਡੀਟਰ
- ਟੈਕਨੀਕਲ ਮੈਂਬਰ — ਲੈਕ. ਫਿਜੀ.ਐਜੂ./ਸਰੀਰਕ ਸਿੱਖਿਆ ਅਧਿਆਪਕ

## ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੇ ਕੰਮ ਅਤੇ ਜਿੰਮੇਵਾਰੀਆਂ ਹੇਠ ਲਿਖੇ ਅਨੁਸਾਰ ਹਨਃ-

1. ਜਿਲ੍ਹਾ ਪੱਧਰ **ਸਕੂਲ** ਟੂਰਨਾਮੈਂਟ ਕਮੇਟੀ ਹਰ ਸਾਲ ਜੋਨ ਅਤੇ ਜਿਲ੍ਹਾ ਪੱਧਰ ਦੇ ਟੂਰਨਾਮੈਂਟਾਂ ਦਾ ਖੇਡ ਸ਼ਡਿਊਲ ਤਿਆਰ ਕਰਕੇ ਜਾਰੀ ਕਰੇਗੀ।
2. ਉਕਤ ਕਮੇਟੀ ਜਿਲ੍ਹਾ ਪੱਧਰ ਦੇ ਜੇਤੂ (ਪਹਿਲਾ, ਦੂਜਾ, ਤੀਜਾ ਸਥਾਨ) ਅਤੇ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸਰਟੀਫਿਕੇਟ ,ਤਮਗੇ ਅਤੇ ਟਰਾਫੀਆਂ ਨਾਲ ਸਨਮਾਨਿਤ ਕਰੇਗੀ। ਖਿਡਾਰੀਆਂ ਨੂੰ ਸਰਟੀਫਿਕੇਟ ਟੂਰਨਾਮੈਂਟ ਖਤਮ ਹੋਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਪ੍ਰਦਾਨ ਕੀਤੇ ਜਾਣਗੇ।
3. ਉਕਤ ਕਮੇਟੀ ਜਿਲ੍ਹਾ ਪੱਧਰ ਖੇਡ ਮੁਕਾਬਲਿਆਂ ਦੇ ਸੁਚਾਰੂ ਸੰਚਾਲਨ ਲਈ ਲੈਕਚਰਾਰ ਫਿਜੀਕਲ ਐਜੂਕੇਸ਼ਨ/ਸਰੀਰਕ ਸਿੱਖਿਆ ਅਧਿਆਪਕਾਂ ਜਾਂ ਵਿਭਾਗ ਦੇ ਹੋਰ ਯੋਗ ਕਰਮਚਾਰੀਆਂ ਦੀਆਂ ਸੇਵਾਵਾਂ ਲਵੇਗੀ। ਜੇਕਰ ਕਿਸੇ ਖੇਡ ਨਾਲ ਸਬੰਧਤ ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕ ਮੌਜੂਦ ਨਹੀਂ ਹੈ ਤਾਂ ਖੇਡ ਵਿਭਾਗ ਪੰਜਾਬ /SAI(Sports Authority of India)/PIS (Punjab Institute of Sports) ਦੇ ਕੋਚਿਜ਼ ਦੀਆਂ ਸੇਵਾਵਾਂ ਉਹਨ੍ਹਾਂ ਦੇ ਸਮਰੱਥ ਅਧਿਕਾਰੀ ਰਾਹੀਂ ਲੈ ਸਕਦੀ ਹੈ।
4. ਉਕਤ ਕਮੇਟੀ ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਦੌਰਾਨ ਵੱਖ-ਵੱਖ ਖੇਡਾਂ ਲਈ ਵੱਖ-ਵੱਖ ਕਮੇਟੀਆਂ ਬਣਾ ਕੇ ਖਿਡਾਰੀਆਂ ਦੀ ਚੋਣ ਮੈਰਿਟ ਦੇ ਆਧਾਰ ਤੇ ਅੰਤਰ ਜ਼ਿਲ੍ਹਾ ਪੱਧਰ ਟੂਰਨਾਮੈਂਟ ਲਈ ਕਰੇਗੀ।
5. ਉਕਤ ਕਮੇਟੀ ਅੰਤਰ ਜਿਲ੍ਹਾ ਸਕੂਲ ਖੇਡਾਂ ਲਈ ਸਿਲੈਕਟ ਕੀਤੇ ਟੀਮ ਖੇਡਾਂ ਦੇ ਖਿਡਾਰੀਆਂ ਦਾ ਜਰੂਰਤ ਅਨੁਸਾਰ ਘੱਟੋ-ਘੱਟ 07 ਤੋਂ 10 ਦਿਨਾਂ ਦਾ ਖੇਡ ਤਾਲਮੇਲ ਸਿਖਲਾਈ ਕੈਂਪ ਲਗਾਏਗੀ।
6. ਉਕਤ ਕਮੇਟੀ ਖਿਡਾਰੀਆਂ ਦੀ ਪਾਤਰਤਾ ਸਬੰਧੀ ਵਿਭਾਗ ਦੇ ਨਿਰਧਾਰਿਤ ਨਿਯਮਾਂ ਅਨੁਸਾਰ ਪਰਖ ਕਰੇਗੀ।
7. ਉਕਤ ਕਮੇਟੀ ਖੇਡ ਮੁਕਾਬਲਿਆਂ ਦੌਰਾਨ ਪੈਦਾ ਹੋਣ ਵਾਲੇ ਵਿਵਾਦਾਂ ਦਾ ਵਿਭਾਗੀ ਖੇਡ/ਨਿਯਮਾਂ ਅਨੁਸਾਰ ਨਿਪਟਾਰਾ ਕਰੇਗੀ। ਖੇਡ ਜਾਬਤੇ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ, ਖਿਡਾਰੀ,ਟੀਮ ਇੰਚਾਰਜ, ਟੀਮ ਮੈਨੇਜਰ ਅਤੇ ਆਫੀਸ਼ੀਅਲ ਵਿਰੁੱਧ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕਰੇਗੀ।
8. ਉਕਤ ਸਕੂਲ ਟੂਰਨਾਮੈਂਟ ਕਮੇਟੀ ਹਰ ਸਾਲ ਪ੍ਰਧਾਨ ਜੋਨਲ ਪੱਧਰ ਟੂਰਨਾਮੈਂਟ ਕਮੇਟੀਆਂ ਵਲੋਂ ਦਿੱਤੀਆਂ ਲਿਖਤੀ ਡੀਮਾਂਡਾਂ ਅਨੁਸਾਰ 03 ਤੋਂ 05 ਦਿਨਾਂ ਅੰਦਰ ਉਹਨ੍ਹਾਂ ਨੂੰ ਸਰਟੀਫਿਕੇਟ ਪ੍ਰਦਾਨ ਕਰੇਗੀ ।
9. ਉਕਤ ਕਮੇਟੀ ਜ਼ਿਲ੍ਹਾ ਪੱਧਰ ਤੇ ਇੱਕ ਬੈਂਕ ਅਕਾਊਂਟ (**ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ**) ਦੇ ਨਾਂ ਤੇ ਖੁਲਵਾਏਗੀ। ਜਿਸ ਨੂੰ ਪ੍ਰਧਾਨ,ਜਰਨਲ ਸਕੱਤਰ,ਵਿੱਤ ਸਕੱਤਰ ਓਪਰੇਟ ਕਰਨਗੇ। ਜੋਨਲ ਸਕੂਲ ਕਮੇਟੀਆਂ ਵਲੋਂ ਇਕੱਤਰ ਕੀਤੀ ਗਈ ਟੂਰਨਾਮੈਂਟ ਫੀਸ ਇਸ ਅਕਾਊਂਟ ਵਿੱਚ ਜਮਾਂ ਹੋਵੇਗੀ। ਜੋਨਲ ਅਤੇ ਜਿਲ੍ਹਾ ਪੱਧਰ ਤੱਕ ਦੇ ਸਾਰੇ ਆਮਦਨ ਅਤੇ ਖਰਚੇ ਦਾ ਵੇਰਵਾ ਵੱਖਰੀ ਕੈਸ਼ਬੁੱਕ, ਪੇਸਟ ਫਾਈਲ ਅਤੇ ਕਾਰਵਾਈ ਰਜਿਸਟਰ ਤੇ ਦਰਜ ਕੀਤਾ ਜਾਵੇਗਾ ਅਤੇ ਇਸ ਦਾ ਆਡਿਟ ਕਰਵਾਇਆ ਜਾਵੇਗਾ।

10. ਉਕਤ ਕਮੇਟੀ ਵਲੋਂ ਹਰ ਸਾਲ 25000/- (ਪੱਚੀ ਹਜ਼ਾਰ ਰੁਪਏ) ਜੋਨਲ ਪੱਧਰ ਖੇਡਾਂ ਦੇ ਸੰਚਾਲਨ ਲਈ ਜੋਨਲ ਪੱਧਰ ਸਕੂਲ ਟੂਰਨਾਮੈਂਟ ਕਮੇਟੀਆਂ ਨੂੰ ਅਡਵਾਂਸ ਭੇਜੇ ਜਾਣਗੇ।

11. ਉਕਤ ਕਮੇਟੀ ਟੂਰਨਾਮੈਂਟ ਦੌਰਾਨ ਖਿਡਾਰੀਆਂ ਲਈ ਮਿਆਰੀ ਖੇਡ ਮੈਦਾਨ, ਖੇਡ ਸਮਾਨ ਉਪਲਬਧ ਕਰਵਾਏਗੀ ਅਤੇ ਟੂਰਨਾਮੈਂਟ ਦੌਰਾਨ ਹਰੇਕ ਗਰਾਊਂਡ ਵਿੱਚ ਫਸਟ-ਏਡ ਕਿੱਟ ਲਾਜ਼ਮੀ ਹੋਵੇਗੀ ।

12. ਉਕਤ ਕਮੇਟੀ ਵਲੋਂ ਜ਼ਿਲ੍ਹਾ ਪੱਧਰ ਦੇ ਸਕੂਲ ਟੂਰਨਾਮੈਂਟ ਦੌਰਾਨ ਸੰਚਾਲਨ ਆਫੀਸ਼ੀਅਲ ਨੂੰ ਰਿਫ੍ਰੈਸ਼ਮੈਂਟ ਦੇ ਤੌਰ ਤੇ ਚਾਹ-ਪਾਣੀ ਅਤੇ ਦੁਪਹਿਰ ਦਾ ਖਾਣਾ ਜਰੂਰਤ ਅਨੁਸਾਰ ਦਿੱਤਾ ਜਾਵੇਗਾ।

13. ਜਿਲ੍ਹਾ ਪੱਧਰ ਟੂਰਨਾਮੈਂਟ ਦੌਰਾਨ ਖਿਡਾਰੀ ਦੇ ਸੱਟ ਲੱਗਣ ਦੀ ਸੂਰਤ ਵਿੱਚ ਹੋਣ ਵਾਲਾ ਖਰਚਾ ਵੱਧ ਤੋਂ ਵੱਧ 20,000/- ਰੁਪਏ (ਵੀਹ ਹਜ਼ਾਰ ਰੁਪਏ) ਤੱਕ ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਫੰਡ ਵਿੱਚੋਂ ਕੀਤਾ ਜਾਵੇਗਾ। ਇਸ ਸਬੰਧੀ ਮੈਡੀਕਲ ਖਰਚਾ ਬਿੱਲ ਪ੍ਰਾਪਤ ਹੋਣ ਤੇ ਹੀ ਬਣਦੀ ਰਾਸ਼ੀ ਜਾਰੀ ਕੀਤੀ ਜਾਵੇਗੀ।

14. ਉਕਤ ਕਮੇਟੀ ਜ਼ਿਲ੍ਹਾ ਪੱਧਰ ਤੇ ਲਗਾਏ ਜਾਣ ਵਾਲੇ ਖੇਡ ਸਿਖਲਾਈ ਕੈਂਪ ਲਗਾਉਣ (ਅੰਤਰ ਜਿਲ੍ਹਾ ਸਕੂਲ ਖੇਡਾਂ ਲਈ) ਸਬੰਧੀ ਮਤਾ ਕਾਰਵਾਈ ਰਜਿਸਟਰ ਵਿੱਚ ਪਾਏਗੀ ਅਤੇ ਖਿਡਾਰੀਆਂ ਦੇ ਰਿਫ੍ਰੈਸ਼ਮੈਂਟ ਬਿੱਲਾਂ ਦੀ ਅਦਾਇਗੀ ਕਰੇਗੀ।

15. ਉਕਤ ਕਮੇਟੀ ਜਿਲ੍ਹਾ ਪੱਧਰ ਦੇ ਸਕੂਲ ਟੂਰਨਾਮੈਂਟਾਂ ਵਿੱਚ ਭਾਗ ਲੈਣ ਵਾਲੇ ਅਤੇ ਜੇਤੂ ਖਿਡਾਰੀਆਂ ਦਾ ਰਿਕਾਰਡ, ਉਹਨ੍ਹਾਂ ਨੂੰ ਜਾਰੀ ਕੀਤੇ ਸਰਟੀਫਿਕੇਟਾਂ ਸਬੰਧੀ ਸਮੁੱਚਾ ਰਿਕਾਰਡ ਜਿਲ੍ਹਾ ਪੱਧਰ ਹੈੱਡਕੁਆਰਟਰ ਵਿਖੇ ਸੰਭਾਲੇਗੀ। ਸਮੇਂ ਸਮੇਂ ਤੇ ਖਿਡਾਰੀਆਂ ਨੂੰ ਗਰੇਡੇਸ਼ਨ ਲਈ ਲੋੜੀਂਦਾ ਰਿਕਾਰਡ ਜਿਲ੍ਹਾ ਸਪੋਰਟਸ ਕੁਆਰਡੀਨੇਟਰ ਮੁਹਈਆ ਕਰਵਾਉਣਗੇ ।

16. ਉਕਤ ਕਮੇਟੀ ਹਰੇਕ ਜੋਨਲ ਵਿੱਤ ਸਕੱਤਰ ਨੂੰ ਟੂਰਨਾਮੈਂਟ ਫੀਸ ਇੱਕਤਰ ਕਰਨ ਲਈ ਇੱਕ ਰਸੀਦ ਬੁੱਕ ਦੇਵੇਗੀ ਜਿਸ ਦਾ ਇੰਦਰਾਜ ਕਾਰਵਾਈ ਰਜਿਸਟਰ ਵਿੱਚ ਦਰਜ ਕਰੇਗੀ ।

17. ਜਿਲ੍ਹਾ ਪੱਧਰ ਤੇ ਟੀਮਾਂ/ਖਿਡਾਰੀਆਂ ਦੀ ਗਿਣਤੀ 02 ਹੈ ਤਾਂ ਟਰਾਇਲ ਹੋਣਗੇ ਅਤੇ ਜੇਕਰ ਗਿਣਤੀ 03 ਹੈ ਤਾਂ ਲੀਗ ਵਿੱਧੀ ਰਾਹੀਂ ਟੂਰਨਾਮੈਂਟ ਕਰਵਾਇਆ ਜਾਵੇਗਾ। ਜੇਕਰ ਟੀਮਾਂ/ਖਿਡਾਰੀਆਂ ਦੀ ਗਿਣਤੀ 04 ਜਾਂ 04 ਤੋਂ ਵੱਧ ਹੈ ਤਾਂ ਨਾਕ-ਆਉਟ ਪੱਧਰ ਤੇ ਟੂਰਨਾਮੈਂਟ ਕਰਵਾਇਆ ਜਾਵੇਗਾ। ਖਿਡਾਰੀਆਂ ਦੀ ਚੋਣ ਮੈਰਿਟ ਦੇ ਅਧਾਰ ਤੇ ਕਰਕੇ ਟੀਮਾਂ ਅੰਤਰ ਜਿਲ੍ਹਾ ਪੱਧਰ ਟੂਰਨਾਮੈਂਟ ਖੇਡਣ ਲਈ ਭੇਜੀਆਂ ਜਾਣਗੀਆਂ। ਟਰਾਇਲ ਹੋਣ ਤੇ ਖਿਡਾਰੀਆਂ ਨੂੰ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਵੇਗਾ।

## 5.3 ਅੰਤਰ ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ

**ਨਿਯਮ:-**

1. ਅੰਤਰ ਜ਼ਿਲ੍ਹਾ ਪੱਧਰ **ਸਕੂਲ** ਟੂਰਨਾਮੈਂਟ ਕਮੇਟੀ ਦਾ ਹਰ ਸਾਲ ਲਈ ਗਠਨ ਹਰੇਕ ਜ਼ਿਲ੍ਹੇ ਵਿੱਚ ਹੇਠ ਅਨੁਸਾਰ ਹੋਵੇਗਾ।

2. ਜੇਕਰ ਕਿਸੇ ਕਾਰਨ ਕਰਕੇ ਜ਼ਿਲ੍ਹੇ ਵਿੱਚ ਸਹਾਇਕ ਵਿੱਤ ਸਕੱਤਰ ਜਾਂ ਪ੍ਰਬੰਧਕੀ ਸਕੱਤਰ ਦਾ ਅਹੁੱਦਾ ਖਾਲੀ ਹੈ/ਹੁੰਦਾ ਹੈ ਤਾਂ ਇਸ ਦੀ ਜਾਣਕਾਰੀ ਮੁੱਖ ਦਫ਼ਤਰ ਦੀ ਸਪੋਰਟਸ ਸ਼ਾਖਾ ਨੂੰ ਭੇਜਕੇ ਅਧਿਕਾਰੀ/ਕਰਮਚਾਰੀ ਨਾਮਜ਼ਦ ਕਰਨ ਦੀ ਤੁਰੰਤ ਪ੍ਰਵਾਨਗੀ ਲੈਣੀ ਹੋਵੇਗੀ।

## ਅੰਤਰ ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈਃ-

- ਪ੍ਰਧਾਨ — ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ)
- ਜਨਰਲ ਸਕੱਤਰ — ਡਿਪਟੀ ਡਾਇਰੈਕਟਰ (ਫਿਜੀ.ਐਜੂ.)
- ਵਿੱਤ ਸਕੱਤਰ — ਜਿਲ੍ਹਾ ਸਿੱਖਿਆ ਅਫਸਰ (ਸੈਸਿ)
- ਸਹਾਇਕ ਵਿੱਤ ਸਕੱਤਰ — ਉੱਪ ਜਿਲ੍ਹਾ ਸਿੱਖਿਆ ਅਫਸਰ (ਸੈਸਿ)
- ਪ੍ਰਬੰਧਕੀ ਸਕੱਤਰ — ਜਿਲ੍ਹਾ ਸਪੋਰਟਸ ਕੋਆਰਡੀਨੇਟਰ
- ਆਡੀਟਰ — ਜਿਲ੍ਹਾ ਸਿੱਖਿਆ ਦਫਤਰ ਦਾ ਸੈਕਸ਼ਨ ਅਫਸਰ ਜਾਂ ਜਿਲ੍ਹੇ ਦੀ ਅੰਦਰੂਨੀ ਪੜ੍ਹਤਾਲ ਸੰਸਥਾ ਦਾ ਐਡੀਟਰ
- ਮੈਂਬਰ — ਜਿਲ੍ਹੇ ਦਾ ਡੀਲਿੰਗ ਸਹਾਇਕ

## ਅੰਤਰ ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ ਦੇ ਕੰਮ ਅਤੇ ਜਿੰਮ੍ਹੇਵਾਰੀਆਂ ਹੇਠ ਲਿਖੇ ਅਨੁਸਾਰ ਹਨਃ-

1. ਅੰਤਰ ਜਿਲ੍ਹਾ ਪੱਧਰ ਸਕੂਲ ਟੂਰਨਾਮੈਂਟ ਕਮੇਟੀ,ਮੁੱਖ ਦਫ਼ਤਰ ਵਲੋਂ ਜ਼ਾਰੀ ਕੀਤੇ ਅੰਤਰ ਜਿਲ੍ਹਾ ਖੇਡ ਕੈਲੰਡਰ ਅਨੁਸਾਰ ਅਲਾਟ ਹੋਈਆਂ ਖੇਡਾਂ ਦੇ ਸੁਚਾਰੂ ਸੰਚਾਲਨ ਲਈ ਵੱਖ-ਵੱਖ ਸਬ-ਕਮੇਟੀਆਂ ਦਾ ਗਠਨ ਕਰਕੇ ਪਾਰਦਰਸ਼ੀ ਢੰਗ ਨਾਲ ਟੂਰਨਾਮੈਂਟ ਦਾ ਆਯੋਜਨ ਕਰੇਗੀ।
2. ਉਕਤ ਕਮੇਟੀ ਵਲੋਂ ਅੰਤਰ ਜ਼ਿਲ੍ਹਾ ਸਕੂਲ ਟੂਰਨਾਮੈਂਟਾਂ ਵਿੱਚ ਜੇਤੂ ਟੀਮਾਂ ਦੇ ਖਿਡਾਰੀਆਂ ਨੂੰ ਤਮਗੇ, ਟਰਾਫੀਆਂ ਨਾਲ ਸਨਮਾਨਿਤ ਕੀਤਾ ਜਾਵੇਗਾ।
3. ਉਕਤ ਕਮੇਟੀ ਖਿਡਾਰੀਆਂ ਦੀ ਪਾਤਰਤਾ ਸਬੰਧੀ ਨਿਰੀਖਣ ਕਰੇਗੀ।
4. ਉਕਤ ਕਮੇਟੀ ਖੇਡ ਜਾਬਤੇ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਟੀਮ, ਖਿਡਾਰੀ ,ਟੀਮ ਇੰਚਾਰਜ,ਟੀਮ ਮੈਨੇਜਰ ਅਤੇ ਆਫੀਸ਼ੀਅਲ ਵਿਰੁੱਧ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕਰੇਗੀ।
5. ਉਕਤ ਕਮੇਟੀ ਵਲੋਂ ਅੰਤਰ ਜਿਲ੍ਹਾ ਸਕੂਲ ਖੇਡਾਂ ਆਯੋਜਿਤ ਕਰਵਾਉਣ ਲਈ ਹੋਣ ਵਾਲਾ ਖਰਚਾ ਜਿਲ੍ਹੇ ਦੇ ਸਪੋਰਟਸ ਫੰਡ ਵਿੱਚੋਂ ਨਿਯਮਾਂ ਅਨੁਸਾਰ ਕੀਤਾ ਜਾਵੇਗਾ।
6. ਉਕਤ ਕਮੇਟੀ ਵਲੋਂ ਅੰਤਰ ਜਿਲ੍ਹਾ ਸਕੂਲ ਟੂਰਨਾਮੈਂਟ ਦੌਰਾਨ ਖਿਡਾਰੀਆਂ,ਟੀਮ ਇੰਚਾਰਜ,ਟੀਮ ਮੈਨੇਜਰ, ਜਨਰਲ ਮੈਨੇਜਰ ਅਤੇ ਟੂਰਨਾਮੈਂਟ ਕੰਡਕਟ ਆਫੀਸੀਅਲਜ਼ ਦੇ ਖਾਣੇ ਲਈ ਕਾਮਨ ਮੈੱਸ ਦਾ ਪ੍ਰਬੰਧ ਕਰੇਗੀ।
7. ਅੰਤਰ ਜਿਲ੍ਹਾ ਸਕੂਲ ਟੂਰਨਾਮੈਂਟਾਂ ਦੇ ਸਾਰੇ ਖਿਡਾਰੀਆਂ ਨੂੰ ਜਾਰੀ ਸਰਟੀਫਿਕੇਟਾਂ ਸਬੰਧੀ ਰਿਕਾਰਡ ਅਤੇ ਟੂਰਨਾਮੈਂਟਾਂ ਸਬੰਧੀ ਸਮੁੱਚਾ ਰਿਕਾਰਡ ਜਿਲ੍ਹਾ ਸਪੋਰਟਸ ਕੋਆਰਡੀਨੇਟਰ ਜਿਲ੍ਹਾ ਪੱਧਰ ਤੇ ਸੰਭਾਲ ਕੇ ਰੱਖਣਗੇ ਅਤੇ ਸਮੇਂ- ਸਮੇਂ ਤੇ ਖਿਡਾਰੀਆਂ ਨੂੰ ਗਰੇਡੇਸ਼ਨ ਸਬੰਧੀ ਰਿਕਾਰਡ ਮੁਹਈਆ ਕਰਵਾਉਣਗੇ ।
8. ਉਕਤ ਕਮੇਟੀ ਮੁੱਖ ਦਫਤਰ ਤੋਂ ਜਾਰੀ ਖੇਡ ਕੈਲੰਡਰ ਅਨੁਸਾਰ ਅਲਾਟ ਹੋਈਆਂ ਅੰਤਰ ਜਿਲ੍ਹਾ ਖੇਡਾਂ ਵਿੱਚ ਭਾਗ ਲੈਣ ਵਾਲੇ ਅਤੇ ਜੇਤੂ ਖਿਡਾਰੀਆਂ ਨੂੰ ਸਰਟੀਫਿਕੇਟ ਪ੍ਰਦਾਨ ਕਰੇਗੀ ।

9. ਉਕਤ ਕਮੇਟੀ ਸਕੂਲ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਮਿਆਰੀ ਖੇਡ ਮੈਦਾਨ,ਖੇਡ ਸਮਾਨ ਉੱਪਲਬਧ ਕਰਵਾਏਗੀ । ਟੂਰਨਾਮੈਂਟ ਦੌਰਾਨ ਹਰੇਕ ਖੇਡ ਗਰਾਊਂਡ ਵਿੱਚ ਮੈਡੀਕਲ ਟੀਮ ਹੋਣੀ ਲਾਜ਼ਮੀ ਹੋਵੇਗੀ।

## 5.4 ਨੈਸ਼ਨਲ ਪੱਧਰ ਸਕੂਲ ਟੂਰਨਾਂਮੈਂਟ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈ:-

- ਚੇਅਰਮੈਨ — ਵਧੀਕ ਮੁੱਖ ਸਕੱਤਰ/ਪ੍ਰਮੁੱਖ ਸਕੱਤਰ/ਸਕੱਤਰ ਸਕੂਲ ਸਿੱਖਿਆ
- ਪ੍ਰਧਾਨ ਅਤੇ ਵਿੱਤ ਸਕੱਤਰ — ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ/ਐਲੀਮੈਂਟਰੀ)
- ਪ੍ਰਬੰਧਕੀ ਸਕੱਤਰ — ਡਿਪਟੀ ਡਾਇਰੈਕਟਰ (ਫਿਜੀ. ਐਜੂ.)
- ਸਹਾਇਕ ਵਿੱਤ ਸਕੱਤਰ — ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
- ਸਹਾਇਕ ਪ੍ਰਬੰਧਕੀ ਸਕੱਤਰ — ਸਬੰਧਤ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ
- ਐਡੀਟਰ — ਡੀ.ਸੀ.ਐਫ.ਏ./ ਭਾਗ ਅਫਸਰ ਮੁੱਖ ਦਫਤਰ
- ਮੈਂਬਰ — ਸਬੰਧਤ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
- ਮੈਂਬਰ — ਸੈਕਸ਼ਨ ਅਫਸਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ)
- ਮੈਂਬਰ — ਡੀਲਿੰਗ ਸਹਾਇਕ, ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ)

## ਨੈਸ਼ਨਲ ਪੱਧਰ ਸਕੂਲ ਟੂਰਨਾਂਮੈਂਟ ਕਮੇਟੀ ਦੇ ਕੰਮ ਅਤੇ ਜਿੰਮੇਵਾਰੀਆਂ ਹੇਠ ਲਿਖੇ ਅਨੁਸਾਰ ਹਨ:

1. ਨੈਸ਼ਨ ਸਕੂਲ ਖੇਡਾਂ ਦੇ ਸੁਚਾਰੂ ਸੰਚਾਲਨ ਲਈ ਮੁੱਖ ਦਫਤਰ ਵੱਲੋਂ ਮੇਜਬਾਨ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈ.ਸੈ) ਨੂੰ ਐਸ.ਜੀ.ਐਫ.ਆਈ. ਵੱਲੋਂ ਟੂਰਨਾਮੈਂਟ ਸਬੰਧੀ ਮਿਤੀਆਂ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਣ ਗੀਆਂ ।
2. ਮੁੱਖ ਦਫਤਰ ਤੋਂ ਜਾਰੀ ਹਦਾਇਤਾਂ ਅਨੁਸਾਰ ਮੇਜਬਾਨ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈ.ਸੈ) ਵੱਲੋਂ ਨੈਸ਼ਨਲ ਖੇਡਾਂ ਸਬੰਧੀ ਵੱਖ-ਵੱਖ ਕਾਰਜਾਂ ਲਈ ਸਬ ਕਮੇਟੀਆਂ ਬਣਾਈਆਂ ਜਾਣਗੀਆਂ ।
3. ਉਕਤ ਖੇਡਾਂ ਲਈ ਖੇਡ ਸੰਚਾਲਨ ਆਫੀਸ਼ਲ ਦੀਆਂ ਡਿਊਟੀਆਂ ਮੁੱਖ ਦਫਤਰ ਵੱਲੋਂ ਲਗਾਈਆਂ ਜਾਣਗੀਆਂ ।
4. ਨੈਸ਼ਨਲ ਸਕੂਲ ਖੇਡਾਂ ਦੇ ਸੰਚਾਲਨ (ਪੰਜਾਬ ਰਾਜ ਵੱਲੋਂ ਕਰਵਾਈਆਂ ਜਾਣ ਵਾਲੀਆਂ ਨੈਸ਼ਨਲ ਸਕੂਲ ਖੇਡਾਂ, ਹੋਰ ਰਾਜਾ ਵਿੱਚ ਨੈਸ਼ਨਲ ਸਕੂਲ ਖੇਡਾਂ ਲਈ ਭੇਜੀਆਂ ਜਾਣ ਵਾਲੀਆਂ ਟੀਮਾਂ ਸਮੇਤ ਆਫੀਸੀਅਲ ਦੀਆਂ ਸਪੋਰਟਸ ਕਿੱਟਾਂ, ਡਾਇਟ ਮਨੀ, ਰਿਫ੍ਰੈਸ਼ਮੈਂਟ, ਆਉਣ-ਜਾਣ ਦਾ ਕਿਰਾਇਆ, ਮੈਡੀਕਲ ਖਰਚ, ਰਜਿਸਟ੍ਰੇਸ਼ਨ ਫੀਸ ਆਦਿ ਖਰਚੇ) ਤੇ ਆਉਣ ਵਾਲਾ ਸਾਰਾ ਖਰਚ ਮੁੱਖ ਦਫਤਰ ਵਿਖੇ ਮੌਜੂਦ ਸਪੋਰਟ ਫੰਡ ਵਿੱਚੋਂ ਕੀਤਾ ਜਾਵੇਗਾ ।
5. ਨੈਸ਼ਨਲ ਸਕੂਲ ਖੇਡਾਂ ਦੇ ਖਤਮ ਹੋਣ ਤੋਂ ਤੁਰੰਤ 15 ਦਿਨਾਂ ਦੇ ਅੰਦਰ ਅੰਦਰ ਖਰਚਾ ਬਿੱਲ ਮੁੱਖ ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣੇ ਲਾਜਮੀ ਹੋਣਗੇ ।
6. ਕੰਮ ਅਤੇ ਜਿੰਮੇਵਾਰੀਆਂ ਸਬੰਧੀ ਹੋਰ ਹਦਾਇਤਾਂ ਸਮੇਂ-ਸਮੇਂ ਤੇ ਮੁੱਖ ਦਫਤਰ ਵੱਲੋਂ ਜਾਰੀ ਕੀਤੀਆਂ ਜਾਣਗੀਆਂ ।

## 6.0 ਜਿਊਰੀ ਆਫ ਅਪੀਲ

1. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ/ਐ)
2. ਡਿਪਟੀ ਡਾਇਰੈਕਟਰ (ਫਿਜੀ. ਐਜੂ.)
3. ਸਮੂਹ ਮੈਂਬਰ ਸਲਾਹਕਾਰ ਕਮ ਸ਼ਿਕਾਇਤ ਨਿਵਾਰਨ ਕਮੇਟੀ
4. ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐਸਿ)
5. ਸਬੰਧਤ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ

## 7.0 ਟੂਰਨਾਮੈਂਟ ਸੰਚਾਲਨ ਲਈ ਹਦਾਇਤਾਂ ਹੇਠ ਲਿਖੇ ਅਨੁਸਾਰ ਹਨঃ-

1. ਹਰ ਸਾਲ ਅੰਤਰ ਜਿਲ੍ਹਾ ਟੂਰਨਾਮੈਂਟ ਦਾ ਖੇਡ ਕੈਲੰਡਰ ਅਤੇ ਟੀਮ ਖੇਡਾਂ ਲਈ ਫਿਕਸ਼ਚਰ ਮੁੱਖ ਦਫਤਰ ਵੱਲੋਂ ਜਾਰੀ ਕੀਤੇ ਜਾਣਗੇ।
2. ਅੰਤਰ ਜਿਲ੍ਹਾ ਸਕੂਲ ਖੇਡਾਂ ਲਈ ਖਿਡਾਰੀਆਂ,ਟੀਮ ਇੰਚਾਰਜ,ਟੀਮ ਮੈਨੇਜਰ/ਆਫੀਸ਼ੀਅਲ (ਮੁੱਖ ਦਫਤਰ ਵੱਲੋਂ ਭੇਜੇ) ਲਈ ਮੌਸਮ ਅਨੁਸਾਰ ਰਿਹਾਇਸ਼ ਅਤੇ ਬਿਸਤਰੇ ਦਾ ਪ੍ਰਬੰਧ ਕੀਤਾ ਜਾਵੇਗਾ।

   ਗਰਮੀਆਂ ਲਈ: -ਗੱਦਾ, ਸਿਰਾਣਾ,ਵਿਛਾਈ,ਚਾਦਰ ।

   ਸਰਦੀਆਂ ਲਈ: - ਗੱਦਾ, ਸਿਰਾਣਾ,ਵਿਛਾਈ,ਰਜ਼ਾਈ ।
3. ਅੰਤਰ ਜਿਲ੍ਹਾ ਸਕੂਲ ਖੇਡਾਂ ਲਈ ਆਉਣ ਵਾਲੇ ਸਾਰੇ ਖਿਡਾਰੀਆਂ ,ਟੀਮ ਇੰਚਾਰਜ ,ਟੀਮ ਮੈਨੇਜਰ ਨੂੰ ਬੱਸ ਸਟੈਂਡ /ਰੇਲਵੇ ਸਟੇਸ਼ਨ ਤੋਂ ਰਿਹਾਇਸ਼ ਤੱਕ ਅਤੇ ਰਿਹਾਇਸ਼ ਤੋਂ ਖੇਡ ਸਥਾਨ /ਕਾਮਨ ਮੈੱਸ ਤੱਕ ਆਉਣ ਜਾਣ ਲਈ ਟ੍ਰਾਂਸਪੋਰਟੇਸ਼ਨ ਦਾ ਪ੍ਰਬੰਧ ਮੇਜਬਾਨ ਜਿਲ੍ਹੇ ਵੱਲੋਂ ਕੀਤਾ ਜਾਵੇਗਾ। ਖੇਡ ਸਥਾਨ/ਕਾਮਨ ਮੈੱਸ ਦੇ ਇੱਕ ਕਿੱਲੋਮੀਟਰ ਦੇ ਘੇਰੇ ਅੰਦਰ ਰਿਹਾਇਸ਼ੀ ਸਥਾਨਾਂ ਦੀਆਂ ਟੀਮਾਂ ਲਈ ਇਹ ਸਹੂਲਤ ਨਹੀਂ ਹੋਵੇਗੀ ।
4. ਅੰਤਰ ਜਿਲ੍ਹਾ ਖੇਡਾਂ ਲਈ ਲੜਕੀਆਂ ਦੀਆ ਟੀਮਾਂ ਨਾਲ ਆਏ ਪੁਰਸ਼ ਟੀਮ ਇੰਚਾਰਜ/ਮੈਨੇਜਰ ਅਤੇ ਲੜਕਿਆਂ ਦੀਆ ਟੀਮਾਂ ਨਾਲ ਆਈਆਂ ਮਹਿਲਾਂ ਟੀਮ ਇੰਚਾਰਾਜ/ਮੈਨੇਜਰ ਲਈ ਰਿਹਾਇਸ਼ ਦਾ ਵੱਖਰਾ ਪ੍ਰਬੰਧ ਕੀਤਾ ਜਾਵੇਗਾ।
5. ਅੰਤਰ ਜਿਲ੍ਹਾ ਸਕੂਲ ਖੇਡਾਂ ਦੌਰਾਨ ਮੁੱਖ ਦਫਤਰ ਵੱਲੋ ਭੇਜੇ ਗਏ ਆਬਜਰਬਰ/ਆਫੀਸ਼ੀਅਲ/ ਸਿਲੈਕਟਰ ਲਈ ਖਾਣੇ ਦਾ ਪ੍ਰਬੰਧ (ਕਾਮਨ ਮੈਸ) ਅਤੇ ਰਿਹਾਇਸ਼ ਦਾ ਪ੍ਰਬੰਧ ਮੇਜਬਾਨ ਜਿਲ੍ਹੇ ਵੱਲੋਂ ਕੀਤਾ ਜਾਵੇਗਾ ਅਤੇ ਇਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੇ ਆਉਣ ਜਾਣ ਦਾ ਕਿਰਾਇਆ (ਬੱਸ,ਰੇਲਵੇ) ਪਿੱਤਰੀ ਜਿਲ੍ਹੇ ਦੇ ਸਪੋਰਟਸ ਫੰਡ ਵਿੱਚੋਂ ਬਿੱਲ ਦੇਣ ਉਪਰੰਤ ਅਦਾ ਕੀਤਾ ਜਾਵੇਗਾ।
6. ਅੰਤਰ ਜਿਲ੍ਹਾ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਟੀਮ ਇੰਚਾਰਜ/ਟੀਮਮੈਨੇਜਰ/ਆਬਜਰਬਰ/ ਆਫੀਸ਼ੀਅਲ/ ਸਿਲੈਕਟਰ ਨੂੰ ਡਿਊਟੀ ਸਬੰਧੀ ਹਾਜ਼ਰੀ ਸਰਟੀਫਿਕੇਟ ਮੇਜਬਾਨ ਜਿਲ੍ਹੇ ਦੇ ਸਪੋਰਟਸ ਕੋਆਰਡੀਨੇਟਰ ਦੇ ਹਸਤਾਖਰਾਂ ਹੇਠ ਹੀ ਜਾਰੀ ਕੀਤਾ ਜਾਵੇਗਾ ।
7. ਅੰਤਰ ਜਿਲ੍ਹਾ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਟੀ-ਸ਼ਰਟ ਅਤੇ ਨਿੱਕਰ ਪਿੱਤਰੀ ਜਿਲ੍ਹੇ ਦੇ ਸਪੋਰਟਸ ਫੰਡ ਵਿੱਚੋਂ ਦਿੱਤੀ ਜਾਵੇਗੀ।ਖਰਚਾ ਵਿੱਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕੀਤਾ ਜਾਵੇਗਾ।

8. ਅੰਤਰ ਜਿਲ੍ਹਾ ਪੱਧਰ ਤੇ ਟੀਮਾਂ ਦੀ ਗਿਣਤੀ 10 ਤੋਂ ਘੱਟ ਅਤੇ ਵਿਅਕਤੀਗਤ ਖੇਡਾਂ ਵਿੱਚ ਖਿਡਾਰੀਆਂ ਦੀ ਗਿਣਤੀ 08 ਤੋਂ ਘੱਟ ਹੋਣ ਦੀ ਸੂਰਤ ਵਿੱਚ ਲੀਗ **ਕਮ ਲੀਗ/ ਲੀਗ ਕਮ ਨਾਕ ਆਉਟ/ ਨਾਕ ਆਉਟ ਵਿੱਧੀ ਰਾਹੀਂ** ਮੁਕਾਬਲੇ ਕਰਵਾਏ ਜਾਣਗੇ।

9. ਅੰਤਰ ਜਿਲ੍ਹਾ ਖੇਡ ਮੁਕਾਬਲਿਆਂ ਲਈ ਮੇਜਬਾਨ ਜਿਲ੍ਹੇ ਵੱਲੋਂ ਸ਼ਡਿਊਲ (ਮੈਚ ਦਾ ਵੇਰਵਾ/ਵਿਅਕਤੀਗਤ ਖੇਡ) ਆਬਜਰਬਰ ਦੀ ਨਿਗਰਾਨੀ ਵਿੱਚ ਟੂਰਨਾਮੈਂਟ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ ਜਿਲ੍ਹਾ ਸਪੋਰਟਸ ਕੋਆਰਡੀਨੇਟਰ ਦੇ ਹਸਤਾਖਰਾਂ ਹੇਠ ਹੀ ਜਾਰੀ ਕੀਤੇ ਜਾਣਗੇ।

10. ਅੰਤਰ ਜਿਲ੍ਹਾ ਖੇਡ ਮੁਕਾਬਲੇ ਵਿੱਚ (ਟੀਮਾਂ ਦੀ ਗਿਣਤੀ 10 ਜਾਂ ਵੱਧ ਹੋਣ ਤੇ) ਲੀਗ-ਕਮ-ਨਾਕ ਆਊਟ ਅਤੇ ਵਿਅਕਤੀਗਤ ਮੁਕਾਬਲਿਆਂ **ਵਿੱਚ (** 08 ਜਾਂ ਵੱਧ ਖਿਡਾਰੀ ਹੋਣ ਤੇ) ਨਾਕ- ਆਊਟ ਪੱਧਰ ਤੇ ਮੁਕਾਬਲੇ ਕਰਵਾਏ ਜਾਣਗੇ। **ਕ੍ਰਿਕੇਟ ਮੁਕਾਬਲੇ ਸਿਰਫ ਨਾਕ-ਆਊਟ ਪੱਧਰ ਤੇ ਹੀ ਕਰਵਾਏ ਜਾਣਗੇ।**

11. ਅੰਤਰ ਜਿਲ੍ਹਾ ਸਕੂਲ ਖੇਡਾਂ ਵਿੱਚ ਕੋਈ ਵੀ ਗੈਰ ਸਰਕਾਰੀ ਅਕੈਡਮੀ/ਵਿੰਗ ਸਿੱਧੇ ਤੌਰ ਤੇ ਭਾਗ ਨਹੀਂ ਲੈ ਸਕੇਗਾ। ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਉਨ੍ਹਾਂ ਦੇ ਜ਼ਿਲ੍ਹੇ ਵਿੱਚ ਚਲ ਰਹੇ ਪੰਜਾਬ ਸਪੋਰਟਸ ਵਿਭਾਗ, ਪੰਜਾਬ ਇੰਸਟੀਚਿਊਟ ਆਫ ਸਪੋਰਟਸ (PIS), ਸਪੋਰਟਸ ਅਥਾਰਟੀ ਆਫ ਇੰਡੀਆਂ (SAI) ਦੇ ਰਿਹਾਇਸ਼ੀ ਖੇਡ ਵਿੰਗਾਂ ਦੇ ਖਿਡਾਰੀਆਂ ਦੀ ਅੰਤਰ ਜ਼ਿਲ੍ਹਾ ਟੂਰਨਾਮੈਂਟ ਵਿੱਚ ਸਿੱਧੀ ਐਂਟਰੀ ਲਈ ਸੂਚਨਾ ਲਿਖਤੀ ਤੌਰ ਤੇ ਮੁੱਖ ਦਫਤਰ ਨੂੰ 15 ਜੁਲਾਈ ਤੱਕ ਭੇਜਣਗੇ।

12. ਖਿਡਾਰੀ ਇਕ ਸਾਲ ਵਿੱਚ ਦੋ ਖੇਡਾਂ,ਅਥਲੈਟਿਕਸ ਦੇ ਦੋ ਈਵੈਂਟ ਅਤੇ ਰਿਲੇਅ ਰੇਸਾਂ ਵਿੱਚ ਭਾਗ ਲੈ ਸਕੇਗਾ। ਛੇਵੀਂ ਤੋਂ ਬਾਰ੍ਹਵੀ ਜਮਾਤ ਤੱਕ ਖਿਡਾਰੀ ਕੁੱਲ 09 ਵਾਰ ਅਤੇ ਇੱਕ ਜਮਾਤ ਵਿੱਚ 2 ਸਾਲ ਤੋਂ ਵੱਧ ਨਹੀਂ ਖੇਡ ਸਕਦਾ। ਇਸ ਸਬੰਧੀ SGFI ਵੱਲੋਂ ਨਵੀਨਤਮ ਹਦਾਇਤਾਂ ਲਾਗੂ ਹੋਣਗੀਆਂ ।

13. ਅੰਤਰ ਜਿਲ੍ਹਾ ਸਕੂਲ ਖੇਡਾਂ ਦੇ ਅਥਲੈਟਿਕਸ ਮੁਕਾਬਲਿਆਂ ਲਈ ਪਿਛਲੇ ਸਾਲ ਦੇ ਅੰਤਰ ਜਿਲ੍ਹਾ ਸਕੂਲ ਟੂਰਨਾਮੈਂਟ ਅਨੁਸਾਰ ਤੈਅ ਕੀਤੇ ਕੁਆਲੀਫਾਈ ਮਾਪਦੰਡ (ਪੁਜੀਸ਼ਨ/ਸਮਾਂ/ਦੂਰੀ/ਉਚਾਈ) ਪਾਸ ਕਰਨ ਵਾਲੇ ਖਿਡਾਰੀ ਹੀ ਭਾਗ ਲੈਣਗੇ।

14. ਅੰਤਰ ਜ਼ਿਲ੍ਹਾ ਸਕੂਲ ਅਥਲੈਟਿਕਸ ਵਿੱਚ ਫਾਈਨਲ ਰਿਜ਼ਲਟ ਪਹਿਲੀਆਂ 8 ਪੁਜੀਸ਼ਨਾਂ ਤੱਕ ਜਾਰੀ ਕੀਤੇ ਜਾਣਗੇ।

15. ਹਰ ਸਾਲ ਜੋਨਲ,ਜਿਲ੍ਹਾ ਅਤੇ ਅੰਤਰ ਜਿਲ੍ਹਾ ਸਰਟੀਫਿਕੇਟਾਂ ਦਾ ਡਿਜਾਇਨ ਮੁੱਖ ਦਫਤਰ ਵੱਲੋਂ ਜਾਰੀ ਕੀਤਾ ਜਾਵੇਗਾ ।

16. ਹਰੇਕ ਜਿਲ੍ਹੇ ਦੇ ਖਿਡਾਰੀ, ਟੀਮ ਇੰਚਾਰਜ ,ਟੀਮ ਮੈਨੇਜਰ , ਜਨਰਲ ਮੈਨੇਜਰ ਮੇਜਬਾਨ ਜਿਲ੍ਹੇ ਵੱਲੋਂ ਲਗਾਈ ਕਾਮਨ ਮੈੱਸ ਵਿੱਚ ਹੀ ਬਣਦੀ ਰਕਮ ਅਦਾ ਕਰਕੇ ਖਾਣਾ ਖਾਣਗੇ । ਜੇਕਰ ਵਿੰਗ/ਅਕੈਡਮੀ ਵੱਲੋਂ ਆਪਣੀ ਵੱਖਰੀ ਮੈਸ ਲਗਾਈ ਜਾਂਦੀ ਹੈ ਤਾਂ ਉਨ੍ਹਾਂ ਤੇ ਇਹ ਸ਼ਰਤ ਲਾਗੂ ਨਹੀਂ ਹੋਵੇਗੀ ਅਤੇ ਜੇਕਰ ਉਨ੍ਹਾ ਵੱਲੋਂ ਵੱਖਰੀ ਮੈਸ ਨਹੀਂ ਲਗਾਈ ਜਾਂਦੀ ਤਾਂ ਬਣਦੀ ਰਕਮ ਦੀ ਅਦਾਇਗੀ ਕਰਕੇ ਖਾਣਾ ਕਾਮਨ ਮੈਸ ਵਿੱਚ ਖਾ ਸਕਦੇ ਹਨ।

17. ਹਰੇਕ ਪੱਧਰ ਤੇ ਟੂਰਨਾਮੈਂਟ ਲਈ ਜੇਕਰ ਕਿਸੇ ਖਿਡਾਰੀ,ਟੀਮ,ਆਫੀਸ਼ਲ ਜਾਂ ਕੋਈ ਹੋਰ ਕਾਰਨ ਕਰਕੇ ਸ਼ਿਕਾਇਤ ਕੀਤੀ ਜਾਂਦੀ ਹੈ ਤਾਂ ਸ਼ਿਕਾਇਤ ਕਰਤਾ ਵੱਲੋਂ ਸ਼ਿਕਾਇਤ ਸਬੰਧੀ ਸਬੂਤ ਨਾਲ ਨੱਥੀ ਕਰਨੇ ਜਰੂਰੀ ਹੋਣਗੇ। ਸ਼ਿਕਾਇਤ ਲਿਖਤੀ ਤੌਰ ਤੇ ਹੀ ਸਵੀਕਾਰ ਕੀਤੀ ਜਾਵੇਗੀ । ਖਿਡਾਰੀ/ਟੀਮ ਸਬੰਧੀ

ਸ਼ਿਕਾਇਤ ਸਿਰਫ ਟੀਮ ਇੰਚਾਰਜ/ਟੀਮ ਮੈਨੇਜਰ ਹੀ ਕਰ ਸਕਦੇ ਹਨ।ਸ਼ਿਕਾਇਤ ਵੱਖ-ਵੱਖ ਪੱਧਰ ਤੇ ਚਲ ਰਹੇ ਟੂਰਨਾਮੈਂਟ ਨੂੰ ਸੰਚਾਲਿਤ ਕਰਨ ਵਾਲੀ ਟੂਰਨਾਮੈਂਟ ਕਮੇਟੀ ਨੂੰ ਹੀ ਦਿੱਤੀ ਜਾ ਸਕੇਗੀ।

18. ਸੈਕੰਡਰੀ ਵਿੰਗ ਦੇ ਖੇਡ ਮੁਕਾਬਲਿਆ ਲਈ ਅੰ-14,17,19 ਸਾਲ ਵਿੱਚ 6ਵੀਂ ਤੋਂ 12 ਵੀਂ ਤੱਕ ਦੇ ਵਿਦਿਆਰਥੀ ਹੀ ਭਾਗ ਲੈਣਗੇ।

19. ਸਕੇਟਿੰਗ ਅੰ-11 ਦੇ ਖੇਡ ਮੁਕਾਬਲੇ ਸੈਕੰਡਰੀ ਵਿੰਗ ਦੇ ਸਕੇਟਿੰਗ ਮੁਕਾਬਲਿਆ ਨਾਲ ਹੀ ਕਰਵਾਏ ਜਾਣਗੇ ਅਤੇ ਇਨ੍ਹਾਂ ਮੁਕਾਬਲਿਆ ਵਿੱਚ ਜਮਾਤਾਂ ਸਬੰਧੀ SGFI ਦੀਆਂ ਨਵੀਨਤਮ ਹਦਾਇਤਾਂ ਅਨੁਸਾਰ ਵਿਦਿਆਰਥੀ ਭਾਗ ਲੈਣਗੇ।

## 8.0 ਆਮ ਹਦਾਇਤਾਂ

1. ਹਰੇਕ ਵਿਦਿਆਰਥੀ ਲਈ ਘੱਟੋ-ਘੱਟ ਸਕੂਲ ਪੱਧਰ ਤੱਕ ਕੋਈ ਨਾ ਕੋਈ ਖੇਡ ਖੇਡਣੀ ਲਾਜਮੀ ਹੋਵੇਗੀ।
2. ਹਰੇਕ ਸਕੂਲ ਵਿੱਚ ਫਸਟ ਏਡ ਕਿੱਟ ਜ਼ਰੂਰੀ ਹੋਵੇਗੀ।ਜੋ ਕਿ ਸਪੋਰਟਸ ਜਾਂ ਅਮਲਾਗੇਮਿਟਡ ਫੰਡ ਵਿੱਚੋਂ ਖਰੀਦੀ ਜਾਵੇਗੀ।
3. ਹਰੇਕ ਜਿਲ੍ਹੇ ਵਿੱਚ ਇਕਸਾਰਤਾ ਲਿਆਉਣ ਲਈ 10 ਖੇਡ ਜੋਨ ਬਣਾਉਣੇ ਲਾਜਮੀ ਹੋਣਗੇ। ਜੋਨਾ ਦੀ ਵੰਡ ਭੂਗੋਲਿਕ ਸਥਿਤੀ ਨੂੰ ਧਿਆਨ ਵਿੱਚ ਰੱਖਕੇ ਕੀਤੀ ਜਾਵੇਗੀ।
4. ਜੇਕਰ ਕਿਸੇ ਪ੍ਰਾਇਮਰੀ ਸਕੂਲ ਕੋਲ ਆਪਣਾ ਖੇਡ ਮੈਦਾਨ ਨਹੀਂ ਹੈ ਤਾਂ ਉਹ ਆਪਣੇ ਨਾਲ ਲਗਦੇ ਕੰਪਲੈਕਸ ਸਕੂਲ (ਮਿਡਲ/ਹਾਈ/ਸੀਨੀਅਰ ਸੈਕੰਡਰੀ) ਦੇ ਖੇਡ ਮੈਦਾਨ ਦੀ ਵਰਤੋਂ ਕਰੇਗਾ ਅਤੇ ਇਸ ਲਈ ਸਬੰਧਤ ਸਕੂਲ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਨੂੰ ਇਹ ਸਹਿਮਤੀ ਦੇਣੀ ਲਾਜ਼ਮੀ ਹੋਵੇਗੀ।
5. ਸਕੂਲਾਂ ਵਿੱਚ ਖੇਡਾਂ ਦੀ ਪਹਿਚਾਣ ਕਰਕੇ ਉਸ ਖੇਡ ਨਾਲ ਸਬੰਧਤ ਖੇਡਾਂ ਦਾ ਸਮਾਨ ਅਤੇ ਮੈਦਾਨ ਦੀ ਵਿਵਸਥਾ ਕੀਤੀ ਜਾਵੇਗੀ। ਇਹ ਗਰਾਉਂਡ ਤਿਆਰ ਕਰਨ ਦੀ ਜਿੰਮੇਵਾਰੀ ਸਕੂਲ ਮੁੱਖੀ ਅਤੇ ਸਬੰਧਤ ਸਰੀਰਕ ਸਿੱਖਿਆ ਅਧਿਆਪਕ ਦੀ ਹੋਵੇਗੀ।
6. ਖੇਡ ਮੈਦਾਨ ਤਿਆਰ ਕਰਦੇ ਸਮੇਂ ਖੇਡ ਨਾਲ ਸਬੰਧਤ ਮਾਪਦੰਡਾਂ/ਉਮਰ-ਗੁੱਟ/ਲਿੰਗ/ਸੁਰੱਖਿਆ ਨਿਯਮਾਂ ਦਾ ਧਿਆਨ ਰੱਖਿਆ ਜਾਵੇਗਾ।
7. ਜਿਲ੍ਹਾ ਪੱਧਰ ਟੂਰਨਾਮੈਂਟਾਂ ਲਈ ਸਿਲੈਕਟ ਕੀਤੇ ਟੀਮ ਖਿਡਾਰੀਆਂ ਨੂੰ ਸਿਖਲਾਈ ਕੈਂਪ ਦੌਰਾਨ ਰਿਫ੍ਰੈਸ਼ਮੈਂਟ ਅਤੇ ਆਉਣ-ਜਾਣ ਦਾ ਕਿਰਾਇਆ (ਬੱਸ/ਰੇਲਵੇ) ਪਿੱਤਰੀ ਸਕੂਲ ਦੇ ਸਪੋਰਟਸ/ਅਮਲਗਾਮੇਟਿਡ ਫੰਡ ਵਿਚੋਂ ਦਿੱਤਾ ਜਾਵੇਗਾ। ਸਰਕਾਰੀ ਮਿਡਲ ਸਕੂਲਾਂ ਦੇ ਖਿਡਾਰੀ ਉਕਤ ਰਾਸ਼ੀ ਆਪਣੇ ਕੰਪਲੈਕਸ ਸਕੂਲ ਤੋਂ ਖਰਚਾ ਬਿੱਲ ਦੇਣ ਉਪਰੰਤ ਪ੍ਰਾਪਤ ਕਰਨਗੇ।ਖਰਚਾ ਬਿੱਲ ਪ੍ਰਧਾਨ ਜੋਨਲ ਟੂਰਨਾਮੈਂਟ ਕਮੇਟੀ ਤੋਂ ਪ੍ਰਤੀ ਹਸਤਾਖਰ ਕਰਵਾਉਣਾ ਹੋਵੇਗਾ।
8. ਅੰਤਰ ਜਿਲ੍ਹਾ ਟੂਰਨਾਮੈਂਟਾਂ ਲਈ ਲਗਾਏ ਖੇਡ ਸਿਖਲਾਈ ਕੈਂਪਾ ਦੇ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਜਿਲ੍ਹਾ ਪੱਧਰ ਟੂਰਨਾਮੈਂਟ ਕਮੇਟੀ ਫੰਡ ਵਿੱਚੋਂ ਦਿੱਤੀ ਜਾਵੇਗੀ ਅਤੇ ਆਉਣ-ਜਾਣ ਦਾ ਕਿਰਾਇਆ (ਬੱਸ/ਰੇਲਵੇ) ਪਿੱਤਰੀ ਸਕੂਲ ਦੇ ਸਪੋਰਟਸ/ਅਮਲਗਾਮੇਟਿਡ ਫੰਡ ਵਿਚੋਂ ਦਿੱਤਾ ਜਾਵੇਗਾ। ਸਰਕਾਰੀ ਮਿਡਲ ਸਕੂਲਾਂ ਦੇ ਖਿਡਾਰੀ ਉਕਤ ਰਾਸ਼ੀ ਆਪਣੇ ਕੰਪਲੈਕਸ ਸਕੂਲ ਤੋਂ ਖਰਚਾ ਬਿੱਲ ਦੇਣ ਉਪਰੰਤ ਪ੍ਰਾਪਤ ਕਰਨਗੇ।

ਰਿਫ੍ਰੈਸ਼ਮੈਂਟ ਦਾ ਬਿਲ ਸਬੰਧਤ ਕੈਂਪ ਇੰਚਾਰਜ਼ ਅਤੇ ਖੇਡ ਕੈਂਪ ਸਥਾਨ ਸਕੂਲ ਦੇ ਮੁੱਖੀ ਤਸਦੀਕ ਕਰਨਗੇ।

9. ਜੋਨਲ/ਜ਼ਿਲ੍ਹਾ ਪੱਧਰ ਤੇ ਖੇਡਣ ਜਾਣ ਵਾਲੀਆਂ ਲੜਕੀਆਂ ਦੀਆਂ ਟੀਮਾਂ ਨਾਲ ਮਹਿਲਾ ਅਧਿਆਪਕ/ਮਹਿਲ ਕਰਮਚਾਰੀ ਦਾ ਜਾਣਾ ਲਾਜ਼ਮੀ ਹੋਵੇਗਾ। ਜੇਕਰ ਕਿਸੇ ਸਕੂਲ ਵਿੱਚ ਸਰੀਰਕ ਸਿੱਖਿਆ ਅਧਿਆਪਿਕਾ ਨਹੀਂ ਹੈ ਤਾਂ ਸਕੂਲ ਮੁੱਖੀ ਲਈ ਟੀਮਾਂ ਨਾਲ ਕਿਸੇ ਹੋਰ ਵਿਸ਼ੇ ਦੀ ਮਹਿਲਾ ਅਧਿਆਪਕ ਨੂੰ ਭੇਜਣਾ ਲਾਜ਼ਮੀ ਹੋਵੇਗਾ।
10. ਜੋਨਲ/ਜ਼ਿਲ੍ਹਾ ਪੱਧਰ ਤੇ ਖੇਡਣ ਜਾਣ ਵਾਲੀਆਂ ਲੜਕੀਆਂ ਦੀਆਂ ਟੀਮਾਂ ਨਾਲ ਸਕੂਲ ਵਿੱਚ ਜੇਕਰ ਕੋਈ ਇਸਤਰੀ ਸਰੀਰਕ ਸਿੱਖਿਆ ਅਧਿਆਪਕ ਨਹੀਂ ਹੈ ਤਾਂ ਸਬੰਧਤ ਕੰਪਲੈਕਸ ਸਕੂਲ ਮੁੱਖੀ ਨੂੰ ਆਪਣੇ ਸਕੂਲ ਦੇ ਇਸਤਰੀ ਸਰੀਰਕ ਸਿੱਖਿਆ ਅਧਿਆਪਕ/ਕਰਮਚਾਰੀ ਦੀ ਡਿਊਟੀ ਲਗਾਉਣੀ ਲਾਜ਼ਮੀ ਹੋਵੇਗੀ।
11. ਅੰਤਰ ਜਿਲ੍ਹਾ ਪੱਧਰ ਤੇ ਜਾਣ ਵਾਲੀਆਂ ਲੜਕੀਆਂ ਦੀਆਂ ਟੀਮਾਂ ਨਾਲ ਇਸਤਰੀ ਸਰੀਰਕ ਸਿੱਖਿਆ ਅਧਿਆਪਕ/ ਇਸਤਰੀ ਅਧਿਆਪਕ ਦਾ ਜਾਣਾ ਲਾਜਮੀ ਹੋਵੇਗਾ । ਜੇਕਰ ਇਸ ਸਬੰਧੀ ਕੁਤਾਹੀ ਹੁੰਦੀ ਹੈ ਤਾਂ ਜਿਲ੍ਹਾ ਸਪੋਰਟਸ ਕੋਆਰਡੀਨੇਟਰ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ ।
12. ਨੈਸ਼ਨਲ ਪ੍ਰੀ-ਕੋਚਿੰਗ ਕੈਂਪ ਲਈ ਸਿਲੈਕਟ ਕੀਤੇ ਖਿਡਾਰੀਆਂ ਦੇ ਵੱਖ-ਵੱਖ ਖੇਡਾਂ ਲਈ ਰਿਹਾਇਸ਼ੀ ਕੋਚਿੰਗ ਕੈਂਪ (10 ਤੋਂ 15 ਦਿਨ) ਤੱਕ ਮੁੱਖ ਦਫਤਰ ਵੱਲੋਂ ਲਗਾਏ ਜਾਣਗੇ ਅਤੇ ਇਨ੍ਹਾਂ ਕੈਂਪਾਂ ਤੇ ਆਉਣ ਵਾਲਾ ਸਾਰਾ ਖਰਚ ਮੁੱਖ ਦਫਤਰ ਵਿਖੇ ਮੌਜੂਦ ਸਪੋਰਟਸ ਫੰਡ ਵਿੱਚੋਂ ਕੀਤਾ ਜਾਵੇਗਾ।

## 9.0 ਟੂਰਨਾਮੈਂਟ ਵਿੱਚ ਭਾਗ ਲੈਣ ਸਬੰਧੀ ਸ਼ਰਤਾ ਹੇਠ ਲਿਖੇ ਅਨੁਸਾਰ ਹਨः

1. ਖਿਡਾਰੀ ਦੀ ਉਮਰ ਦਾ ਸਬੂਤ ਜਨਮ ਸਰਟੀਫਿਕੇਟ/ਸਕੂਲ ਰਿਕਾਰਡ ਅਨੁਸਾਰ/ਪੰਜਵੀਂ/ਅੱਠਵੀਂ/ਦਸਵੀਂ ਸ਼੍ਰੇਣੀ ਦਾ ਮਾਨਤਾ ਪ੍ਰਾਪਤ ਬੋਰਡ ਦਾ ਸਰਟੀਫਿਕੇਟ ਮੰਨਿਆ ਜਾਵੇਗਾ।ਇਸ ਸਬੰਧੀ ਐਸ.ਜੀ.ਐਫ.ਆਈ. ਦੀਆਂ ਨਵੀਨਤਮ ਹਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ ।
2. ਖੇਡ ਮੁਕਾਬਲਿਆਂ ਲਈ ਖਿਡਾਰੀ ਦੀ ਉਮਰ ਹੱਦ ਚਾਲੂ ਸਾਲ ਦੇ 31 ਦਸੰਬਰ ਤੱਕ ਗਿਣੀ ਜਾਵੇਗੀ। ਖਿਡਾਰੀ ਸਕੂਲ ਦਾ ਰੈਗੂਲਰ ਵਿਦਿਆਰਥੀ ਹੋਣਾ ਚਾਹੀਦਾ ਹੈ, ਸਰਕਾਰੀ ਸਕੂਲ, ਸਰਕਾਰੀ ਸਹਾਇਤਾ ਪ੍ਰਾਪਤ ਸਕੂਲ, ਪ੍ਰਾਈਵੇਟ ਸਕੂਲ, ਅਣ-ਏਡਿਡ ਸਕੂਲ ਜਾਂ ਕਿਸੇ ਸਿੱਖਿਆ ਬੋਰਡ ਨਾਲ ਐਫੀਲੇਟਿਡ/ਐਸੋਸੀਏਟਿਡ ਸਕੂਲ ਹੋਵੇ। ਓਪਨ ਸਕੂਲ ਦੇ ਵਿਦਿਆਰਥੀ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਗ ਨਹੀਂ ਲੈ ਸਕਦੇ ਹਨ।
3. ਹਰੇਕ ਖਿਡਾਰੀ ਲਈ ਸਕੂਲ ਦਾਖਲੇ ਦੀਆਂ ਸ਼ਰਤਾਂ ਸਬੰਧਤ ਬੋਰਡ ਅਨੁਸਾਰ ਹੋਣਗੀਆਂ।

## 10.0 ਖੁਰਾਕ ਭੱਤਾ, ਰਿਫ੍ਰੈਸ਼ਮੈਂਟ ਅਤੇ ਕਿਰਾਇਆःः-

1. ਨੈਸ਼ਨਲ ਪ੍ਰੀ-ਕੋਚਿੰਗ ਕੈਂਪ/ਸਮਰ ਕੋਚਿੰਗ ਕੈਂਪ ਲਈ ਅੰ-11,14,17,19 ਦੇ ਖਿਡਾਰੀਆਂ, ਆਫੀਸ਼ਲਜ ਦਾ ਖੁਰਾਕ ਭੱਤਾ 200/- ਰੁਪਏ ਪ੍ਰਤੀ ਦਿਨ ਪ੍ਰਤੀ ਵਿਅਕਤੀ, ਮੌਸਮ ਅਨੁਸਾਰ ਬਿਸਤਰਾ, ਖੇਡ ਸਬੰਧੀ ਲੋੜੀਂਦਾ ਸਮਾਨ ਅਤੇ ਖਿਡਾਰੀ ਦੇ ਸੱਟ ਲੱਗਣ ਦੀ ਸੂਰਤ ਵਿੱਚ ਮੈਡੀਕਲ ਖਰਚਾ ਮੁੱਖ ਦਫਤਰ ਵਿਖੇ ਮੌਜੂਦ ਸਪੋਰਟਸ ਫੰਡ ਵਿੱਚੋਂ ਮੁਹੱਈਆ ਕਰਵਾਇਆ ਜਾਵੇਗਾ।

2. ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ, ਟੀਮ ਇੰਚਾਰਜ, ਟੀਮ ਮੈਨੇਜਰ ਅਤੇ ਟੀਮਾਂ ਨਾਲ ਜਾਣ ਵਾਲੇ ਹੋਰ ਆਫੀਸ਼ਲਜ ਲਈ ਖੁਰਾਕੀ ਭੱਤਾ ਐਸ.ਜੀ.ਐਫ.ਆਈ. ਅਨੁਸਾਰ 250/- ਪ੍ਰਤੀ ਵਿਅਕਤੀ ਪ੍ਰਤੀ ਦਿਨ ਹੋਵੇਗਾ ਅਤੇ ਖਿਡਾਰੀਆਂ ਲਈ ਰਿਫ੍ਰੈਸ਼ਮੈਂਟ 25/-ਰੁਪਏ ਪ੍ਰਤੀ ਖਿਡਾਰੀ ਪ੍ਰਤੀ ਮੈਚ/ਈਵੈਂਟ ਹੋਵੇਗੀ। ਆਉਣ-ਜਾਣ ਦਾ ਕਿਰਾਇਆ, ਰਿਫ੍ਰੈਸ਼ਮੈਂਟ ਅਤੇ ਖੁਰਾਕ ਭੱਤੇ ਦੀ ਰਕਮ ਮੁੱਖ ਦਫਤਰ ਵਿਖੇ ਸਪੋਰਟਸ ਫੰਡ ਵਿੱਚੋ ਜਾਰੀ ਕੀਤੀ ਜਾਵੇਗੀ। ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਵਲੋਂ ਜੇਕਰ ਇਸ ਸਬੰਧੀ ਕੋਈ ਨਵੀਂਆ ਹਦਾਇਤਾਂ ਜਾਰੀ ਕੀਤੀਆਂ ਜਾਂਦੀਆ ਹਨ ਤਾਂ ਉਹ ਲਾਗੂ ਕੀਤੀਆਂ ਜਾਣਗੀਆਂ।

3. ਅੰਤਰ ਰਾਸ਼ਟਰੀ ਪੱਧਰ ਤੇ (ਏਸ਼ੀਅਨ ਸਕੂਲ ਸਪੋਰਟਸ ਫੈਡਰੇਸ਼ਨ ਅਤੇ ਇੰਟਰ ਨੈਸ਼ਨਲ ਸਕੂਲ ਸਪੋਰਟਸ ਫੈਡਰੇਸ਼ਨ) ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਟੂਰਨਾਮੈਂਟ ਲਈ ਐਸ.ਜੀ.ਐਫ.ਆਈ ਵੱਲੋਂ ਨੈਸ਼ਨਲ ਸਕੂਲ ਖੇਡਾਂ ਵਿੱਚੋਂ ਸਿਲੈਕਟ ਕੀਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਦੀਆਂ ਟੀਮਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਖਿਡਾਰੀਆਂ ਨੂੰ ਖਰਚਾ ਮੁੱਖ ਦਫਤਰ ਵੱਲੋਂ ਐਸ.ਜੀ.ਐਫ.ਆਈ ਦੀ ਮੰਗ ਅਨੁਸਾਰ ਦਿੱਤਾ ਜਾਵੇਗਾ।

4. ਨੈਸ਼ਨਲ ਪ੍ਰੀ-ਕੋਚਿੰਗ ਕੈਂਪ/ਨੈਸ਼ਨਲ ਸਕੂਲ ਖੇਡਾਂ ਦੇ ਟ੍ਰਾਇਲ/ਨੈਸ਼ਨਲ ਖੇਡਾਂ ਵਿੱਚ ਭਾਗ ਲੈਣ ਜਾਣ ਵਾਲੀਆਂ ਟੀਮਾਂ ਦੇ ਖਿਡਾਰੀਆਂ ਲਈ ਸਕੂਲ ਤੋਂ ਉਕਤ ਕਾਰਜਾਂ ਲਈ ਨਿਸ਼ਚਿਤ ਕੀਤੇ ਸਥਾਨਾਂ/ਰੇਲਵੇ ਸਟੇਸ਼ਨ ਤੱਕ ਆਉਣ-ਜਾਣ ਦਾ ਕਿਰਾਇਆ (ਬੱਸ/ਰੇਲਵੇ) ਸਬੰਧਤ ਸਕੂਲ ਦੇ ਸਪੋਰਟਸ ਫੰਡ/ਅਮਲਗਾਮੇਟਿਡ ਫੰਡ ਵਿੱਚੋਂ ਸਕੂਲ ਮੁਖੀ ਵੱਲੋਂ ਅਦਾ ਕੀਤਾ ਜਾਵੇਗਾ।

5. ਅੰਤਰ ਜਿਲ੍ਹਾ ਸਕੂਲ ਖੇਡਾਂ ਲਈ ਸਿਲੈਕਟ ਕੀਤੇ ਖਿਡਾਰੀਆਂ ਦੇ ਸਿਖਲਾਈ ਕੈਂਪ ਲਈ 100/-(ਇੱਕ ਸੋ ਰੁਪਏ) ਪ੍ਰਤੀ ਖਿਡਾਰੀ ਪ੍ਰਤੀ ਦਿਨ ਰਿਫ੍ਰੈਸ਼ਮੈਂਟ ਵਜੋਂ ਜਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਫੰਡ ਵਿੱਚੋਂ ਦਿੱਤਾ ਜਾਵੇਗਾ ਅਤੇ ਖਿਡਾਰੀ ਨੂੰ ਆਉਣ – ਜਾਣ ਦਾ ਕਿਰਾਇਆ (ਬੱਸ/ਰੇਲਵੇ) ਪਿੱਤਰੀ ਸਕੂਲ ਦੇ ਸਪੋਰਟਸ/ਅਮਲਗਾਮੇਟਿਡ ਫੰਡ ਵਿੱਚੋਂ ਦਿੱਤਾ ਜਾਵੇਗਾ ।

6. ਅੰਤਰ ਜਿਲ੍ਹਾ ਟੂਰਨਾਮੈਂਟ ਲਈ ਖਿਡਾਰੀਆਂ, ਟੀਮ ਇੰਚਾਰਜ,ਟੀਮ ਮੈਨੇਜਰ,ਜਨਰਲ ਮੈਨੇਜਰ ਨੂੰ 200/-(ਦੋ ਸੌ ਰੁਪਏ) ਪ੍ਰਤੀ ਵਿਅਕਤੀ ਪ੍ਰਤੀ ਦਿਨ ਖੁਰਾਕ ਭੱਤਾ, ਖਿਡਾਰੀਆਂ ਨੂੰ ਰਿਫ੍ਰੈਸ਼ਮੈਂਟ 25/-(ਪੱਚੀ ਰੁਪਏ) ਪ੍ਰਤੀ ਮੈਚ/ਈਵੈਂਟ ਪ੍ਰਤੀ ਖਿਡਾਰੀ ਅਤੇ ਆਉਣ-ਜਾਣ ਦਾ ਕਿਰਾਇਆ (ਬੱਸ/ਰੇਲਵੇ) ਟੂਰਨਾਮੈਂਟ ਦੇ ਕੁੱਲ ਦਿਨਾਂ ਲਈ ਪਿੱਤਰੀ ਜਿਲ੍ਹੇ ਦੇ ਸਪੋਰਟਸ ਫੰਡ ਵਿੱਚੋਂ ਅਗਾਊ ਦਿੱਤਾ ਜਾਵੇਗਾ ਅਤੇ ਟੀਮ ਇੰਚਾਰਜ/ਮੈਨੇਜਰ ਵੱਲੋਂ ਖਰਚਾ ਬਿਲ ਟੂਰਨਾਮੈਂਟ ਖਤਮ ਹੋਣ ਉਪਰੰਤ 05 ਦਿਨਾਂ ਦੇ ਅੰਦਰ-ਅੰਦਰ ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਵਿਖੇ ਜਮ੍ਹਾ ਕਰਵਾਉਣੇ ਜਰੂਰੀ ਹੋਣਗੇ।

7. ਜੋਨ ਅਤੇ ਜਿਲ੍ਹਾ ਪੱਧਰ ਦੇ ਟੂਰਨਾਮੈਂਟਾਂ ਵਿੱਚ ਭਾਗ ਲੈਣ ਵਾਲੇ ਹਰੇਕ ਖਿਡਾਰੀ ਨੂੰ 25/-(ਪੱਚੀ ਰੁਪਏ) ਪ੍ਰਤੀ ਮੈਚ/ਈਵੈਂਟ ਪ੍ਰਤੀ ਖਿਡਾਰੀ ਰਿਫ੍ਰੈਸ਼ਮੈਂਟ ਅਤੇ ਆਉਣ ਜਾਣ ਦਾ ਕਿਰਾਇਆ(ਬੱਸ/ਰੇਲਵੇ) ਪਿੱਤਰੀ ਸਕੂਲ ਦੇ ਸਪੋਰਟਸ/ਅਮਲਗਾਮੇਟਿਡ ਫੰਡ ਵਿੱਚੋਂ ਦਿੱਤਾ ਜਾਵੇਗਾ । ਮਿਡਲ ਸਕੂਲਾਂ ਦੇ ਖਿਡਾਰੀਆਂ ਨੂੰ ਰਿਫ੍ਰੈਸ਼ਮੈਂਟ ਅਤੇ ਆਉਣ ਜਾਣ ਦਾ ਕਿਰਾਇਆ ਸਬੰਧਤ ਕੰਪਲੈਕਸ ਸਕੂਲ ਦੇ ਸਪੋਰਟਸ/ਅਮਲਗਾਮੇਟਿਡ ਫੰਡ ਵਿੱਚੋਂ ਦਿੱਤਾ ਜਾਵੇਗਾ ।

8. ਜਿਲ੍ਹਾ ਪੱਧਰ ਟੂਰਨਾਮੈਂਟ ਲਈ ਸਿਲੈਕਟ ਕੀਤੇ ਖਿਡਾਰੀਆਂ ਨੂੰ ਸਿਖਲਾਈ ਕੈਂਪ ਦੌਰਾਨ 50/-(ਪੰਜਾਹ ਰੁਪਏ) ਪ੍ਰਤੀ ਖਿਡਾਰੀ ਪ੍ਰਤੀ ਦਿਨ ਰਿਫ੍ਰੈਸ਼ਮੈਂਟ ਅਤੇ ਆਉਣ ਜਾਣ(ਬੱਸ/ਰੇਲਵੇ) ਦਾ ਕਿਰਾਇਆ ਉਹਨ੍ਹਾਂ ਦੇ ਪਿੱਤਰੀ ਸਕੂਲ ਦੇ ਸਪੋਰਟਸ/ਅਮਲਗਾਮੇਟਿਡ ਫੰਡ ਵਿੱਚੋਂ ਦਿੱਤਾ ਜਾਵੇਗਾ । ਮਿਡਲ ਸਕੂਲਾਂ ਦੇ ਖਿਡਾਰੀਆਂ ਨੂੰ ਰਿਫ੍ਰੈਸ਼ਮੈਂਟ ਅਤੇ ਆਉਣ ਜਾਣ ਦਾ ਕਿਰਾਇਆ ਸਬੰਧਤ ਕੰਪਲੈਕਸ ਸਕੂਲ ਦੇ ਸਪੋਰਟਸ/ਅਮਲਗਾਮੇਟਿਡ ਫੰਡ ਵਿੱਚੋਂ ਦਿੱਤਾ ਜਾਵੇਗਾ ।

## 11.0 ਸਪੋਰਟਸ ਫੰਡ

ਸਰਕਾਰੀ , ਸਰਕਾਰੀ ਸਹਾਇਤਾ ਪ੍ਰਾਪਤ, ਪ੍ਰਾਈਵੇਟ, ਅਣ-ਏਡਿਡ ਅਤੇ ਮਾਨਤਾ ਪ੍ਰਾਪਤ ਸਕੂਲਾਂ ਤੋਂ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਪੋਰਟਸ ਫੰਡ ਹੇਠ ਅਨੁਸਾਰ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ **ਦੇ ਹਿਸਾਬ ਨਾਲ** ਵਸੂਲਿਆ ਜਾ ਰਿਹਾ ਹੈ :

| **ਲੜੀ ਨੰ:** | **ਜਮਾਤ** | **ਸਪੋਰਟਸ ਫੰਡ ਦੀ ਦਰ** |
|---|---|---|
| 1. | 9 ਵੀਂ **ਅਤੇ 10ਵੀਂ** | 15/- (**ਪੰਦਰਾ ਰੁਪਏ**) ਪ੍ਰਤੀ ਵਿਦਿਆਰਥੀ ਪ੍ਰਤੀ **ਮਹੀਨਾ** |
| 2. | 11**ਵੀਂ ਅਤੇ 12ਵੀਂ** | 20/- (**ਵੀਹ ਰੁਪਏ**)ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ |

1. ਹਰੇਕ ਸੈਸ਼ਨ ਦੌਰਾਨ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ, ਪ੍ਰਾਈਵੇਟ, ਅਣ-ਏਡਿਡ ਅਤੇ ਮਾਨਤਾ ਪ੍ਰਾਪਤ ਸਕੂਲਾਂ ਵੱਲੋਂ ਸਪੋਰਟਸ ਫੰਡ ਇਕੱਤਰ ਕਰਨਾ ਲਾਜ਼ਮੀ ਹੋਵੇਗਾ। ਹਰੇਕ ਸੈਸਨ ਦੌਰਾਨ ਸਕੂਲਾਂ ਵੱਲੋਂ ਈ-ਪੰਜਾਬ ਪੋਰਟਲ ਤੇ ਦਰਜ ਉਕਤ ਜਮਾਤਾਂ ਦੇ ਕੁੱਲ ਵਿਦਿਆਰਥੀਆ ਦੀ ਗਿਣਤੀ ਅਨੁਸਾਰ ਇਕੱਤਰ ਕੀਤੇ ਸਪੋਰਟਸ ਫੰਡ ਵਿੱਚੋਂ 30% ਹਿੱਸਾ ਸਕੂਲ ਵਿੱਚ ਰੱਖਿਆ ਜਾਵੇਗਾ, 70% ਹਿੱਸਾ ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਵਿਖੇ ਜਮ੍ਹਾਂ ਕਰਵਾਇਆ ਜਾਵੇਗਾ। ਜਿਲ੍ਹਾ ਸਿੱਖਿਆ ਅਫਸਰ (ਸੈਸਿ) ਵੱਲੋਂ ਹਰ ਸੈਸਨ ਦੇ ਕੁੱਲ ਸਪੋਰਟਸ ਫੰਡ ਦਾ 50% ਹਿੱਸਾ ਮੁੱਖ ਦਫਤਰ ਵਿਖੇ ਜਮ੍ਹਾ ਕਰਵਾਇਆ ਜਾਵੇਗਾ। ਮੁੱਖ ਦਫਤਰ ਵਿਖੇ ਇਕੱਤਰ ਹੋਏ ਕੁੱਲ ਸਲਾਨਾ ਸਪੋਰਟਸ ਫੰਡ ਦਾ 15% ਹਿੱਸਾ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਨੂੰ ਪ੍ਰਾਇਮਰੀ ਸਕੂਲ ਖੇਡਾਂ ਦੇ ਸੰਚਾਲਨ ਲਈ ਦਿੱਤਾ ਜਾਵੇਗਾ।
2. ਹਰ ਸਾਲ ਨਵਾਂ ਸੈਸ਼ਨ ਆਰੰਭ ਹੋਣ ਤੇ ਪਿਛਲੇ ਸੈਸ਼ਨ ਵਿੱਚ ਇਕੱਤਰ ਹੋਏ ਸਪੋਰਟਸ ਫੰਡ ਦਾ ਨਿਰਧਾਰਿਤ ਹਿੱਸਾ ਹਰੇਕ ਸਕੂਲ ਮੁੱਖੀ ਵੱਲੋਂ 15 ਮਈ ਤੱਕ ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਵਿਖੇ ਜਮ੍ਹਾ ਕਰਵਾਉਣਾ ਲਾਜ਼ਮੀ ਹੋਵੇਗਾ। ਜਿਲ੍ਹਿਆਂ ਵੱਲੋਂ ਇਕੱਤਰ ਕੀਤੇ ਗਏ ਸਪੋਰਟਸ ਫੰਡ ਦਾ ਨਿਰਧਾਰਿਤ ਹਿੱਸਾ 31 ਮਈ ਤੱਕ ਮੁੱਖ ਦਫਤਰ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ।
3. ਸਪੋਰਟਸ ਫੰਡ ਅਤੇ ਟੂਰਨਾਮੈਂਟ ਫੀਸ ਜਮ੍ਹਾ ਕਰਵਾਏ ਬਿਨ੍ਹਾਂ ਜਿਹੜੇ ਸਰਕਾਰੀ,ਸਰਕਾਰੀ ਸਹਾਇਤਾ ਪ੍ਰਾਪਤ, ਪ੍ਰਾਈਵੇਟ,ਅਣ-ਏਡਿਡ ਅਤੇ ਮਾਨਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀ ਖੇਡਾਂ ਵਿੱਚ ਭਾਗ ਲੈਣਗੇ, ਉਸ ਜਿਲ੍ਹੇ ਦੇ ਸਪੋਰਟਸ ਕੋਆਰਡੀਨੇਟਰ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਵਿੱਚ ਦਰਜ ਉਪਬੰਧ ਅਨੁਸਾਰ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

## 12.0 ਲੈਕਚਰਾਰ ਫਿਜੀਕਲ ਐਜੂਕੇਸ਼ਨ/ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਜਿੰਮੇਵਾਰੀਆਂ:-

1. ਸਕੂਲ ਸਿੱਖਿਆ ਵਿਭਾਗ ਵਲੋਂ ਖੇਡਾਂ ਦੇ ਸੁਚਾਰੂ ਸੰਚਾਲਨ ਲਈ ਲੈਕਚਰਾਰ ਫਿਜੀ.ਐਜੂ./ਸਰੀਰਕ ਸਿੱਖਿਆ ਅਧਿਆਪਕ ਦੀ ਲਗਾਈ ਡਿਊਟੀ ਕਿਸੇ ਵੀ ਪੱਧਰ ਦੇ ਸਕੂਲ ਟੂਰਨਾਮੈਂਟ ਵਿੱਚ ਕਰਨੀ ਲਾਜਮੀ ਹੋਵੇਗੀ।
2. ਸਕੂਲਾਂ ਵਿੱਚ ਹਰ ਵਿਸ਼ੇ ਦਾ ਅਧਿਆਪਕ ਸਰੀਰਕ ਸਿੱਖਿਆ ਅਧਿਆਪਕ ਦੇ ਸਹਿਯੋਗੀ ਵੱਜੋਂ ਕੰਮ ਕਰਦਿਆਂ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜੇਗਾ ਅਤੇ ਖੇਡਾਂ ਸਬੰਧੀ ਦਿੱਤੇ ਗਏ ਕਾਰਜਾਂ ਨੂੰ ਤਨਦੇਹੀ ਨਾਲ ਨਿਭਾਏਗਾ।
3. ਹਰੇਕ ਸਰੀਰਕ ਸਿੱਖਿਆ ਅਧਿਆਪਕ ਨੂੰ ਹਰ ਸਾਲ ਦੋ ਮੇਜਰ ਖੇਡਾਂ ਦੇ ਨਾਲ-ਨਾਲ ਅਥਲੈਟਿਕਸ ਦੇ ਈਵੈਂਟ, ਵਿਦਿਆਰਥੀਆਂ ਨੂੰ ਘੱਟੋ-ਘੱਟ ਜੋਨਲ ਪੱਧਰ ਤੱਕ ਕਰਵਾਉਣੇ ਲਾਜ਼ਮੀ ਹੋਣਗੇ।
4. ਜਿਹੜੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਕੰਪਲੈਕਸ ਵਿੱਚ ਪ੍ਰਾਇਮਰੀ ਸਕੂਲ ਹਨ ਜਾਂ ਕੰਪਲੈਕਸ ਦੇ ਨਾਲ ਲੱਗਦੇ ਹਨ, ਉਨ੍ਹਾਂ ਸਕੂਲਾਂ ਵਿੱਚ ਜਿੱਥੇ ਲੈਕਚਰਾਰ ਫਿਜੀਕਲ ਐਜੂਕੇਸ਼ਨ/ ਸਰੀਰਕ ਸਿੱਖਿਆ ਅਧਿਆਪਕ ਮੌਜੂਦ ਹਨ, ਉਹ ਸਬੰਧਤ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਨੋਰੰਜਕ ਖੇਡ ਕਿਰਿਆਵਾਂ ਅਤੇ ਖੇਡਾਂ ਨਾਲ ਜੋੜਨਗੇ ਤਾਂ ਜੋ ਬੱਚਿਆਂ ਦਾ ਸਰੀਰਕ,ਮਾਨਸਿਕ ਅਤੇ ਭਾਵਨਾਤਮਕ ਵਿਕਾਸ ਹੋ ਸਕੇ ।

## 13.0 ਖੇਡਾਂ ਸਬੰਧੀ ਵੈਬਸਾਈਟ

ਸਕੂਲ ਸਿੱਖਿਆ ਵਿਭਾਗ ਵੱਲੋਂ ਖੇਡ ਗਤੀਵਿਧੀਆਂ ਲਈ ਈ-ਪੰਜਾਬ ਪੋਰਟਲ ਤੇ ਵੈੱਬਸਾਈਟ ਤਕਨੀਕੀ ਮਾਹਿਰਾਂ ਵੱਲੋਂ ਤਿਆਰ ਕੀਤੀ ਜਾਵੇਗੀ। ਜਿਸ ਤੇ ਖੇਡਾਂ ਨਾਲ ਸਬੰਧਤ ਸਰਗਰਮੀਆਂ ਅਤੇ ਖੇਡਾਂ ਸਬੰਧੀ ਸਮੁੱਚਾ ਡਾਟਾ ਅਪਡੇਟ ਅਤੇ ਅਪਲੋਡ ਕੀਤਾ ਜਾਵੇਗਾ । ਸਕੂਲ ਪੱਧਰ ਤੋਂ ਹੀ ਹਰ ਖਿਡਾਰੀ ਦੀ ਆਨਲਾਈਨ ਐਂਟਰੀ ਕੀਤੀ ਜਾਵੇਗੀ ।

## 14.0 ਖੇਡ ਵਿੰਗ

ਸਕੂਲ ਸਿੱਖਿਆ ਵਿਭਾਗ ਵੱਲੋਂ ਖੇਡਾਂ ਦਾ ਮਿਆਰ ਉੱਚਾ ਚੁੱਕਣ ਲਈ ਦੋ ਕਿਸਮ ਦੇ ਖੇਡ ਵਿੰਗ ਚਲਾਏ ਜਾਣਗੇ:

14.1 ਰਿਹਾਇਸ਼ੀ ਖੇਡ ਵਿੰਗ ।

14.2 ਡੇ-ਸਕਾਲਰ ਖੇਡ ਵਿੰਗ ।

## 14.1 ਰਿਹਾਇਸ਼ੀ ਖੇਡ ਵਿੰਗਃ

1. ਹਰ ਸਾਲ ਵਿਭਾਗ ਵੱਲੋਂ ਰਿਹਾਇਸ਼ੀ ਖੇਡ ਵਿੰਗਾਂ ਲਈ ਸਕੂਲਾਂ ਤੋਂ ਵਿੰਗ ਲੈਣ ਸਬੰਧੀ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਜੇਕਰ ਉਹ ਸਕੂਲ ਖੇਡ ਸੰਚਾਲਨ ਪਾਲਿਸੀ ਮੁਤਾਬਕ ਨਿਰਧਾਰਤ ਸ਼ਰਤਾਂ ਪੂਰੀਆਂ ਕਰਦੇ ਹੋਣਗੇ ਤਾਂ ਹੀ ਮੈਰਿਟ ਦੇ ਅਧਾਰ ਤੇ ਸੀਟਾਂ ਅਲਾਟ ਕੀਤੀਆਂ ਜਾਣਗੀਆਂ ।
2. ਲੜਕਿਆਂ ਲਈ ਰਿਹਾਇਸ਼ੀ ਖੇਡ ਵਿੰਗ ਸਿਰਫ ਉਨ੍ਹਾਂ ਸਰਕਾਰੀ,ਸਰਕਾਰੀ ਸਹਾਇਤਾਂ ਪ੍ਰਾਪਤ ਸਕੂਲਾਂ ਨੂੰ ਹੀ ਦਿੱਤੇ ਜਾਣਗੇ ਜਿਹਨਾਂ ਕੋਲ ਖੇਡਾਂ ਸਬੰਧੀ ਆਪਣਾ ਬੁਨਿਆਦੀ ਢਾਂਚਾ ਜਿਵੇਂ ਸਬੰਧਤ ਖੇਡ ਮੈਦਾਨ,ਹੋਸਟਲ/ਰਿਹਾਇਸ਼ੀ ਕਮਰਿਆਂ ਦੀ ਸੁਵਿਧਾ ਸਕੂਲ ਦੇ ਨਾਲ ਜਾਂ ਸਕੂਲ ਦੀ ਚਾਰਦਿਵਾਰੀ ਦੇ ਅੰਦਰ, ਟੁਆਇਲਟ, ਬਾਥਰੂਮ, ਬਿਜਲੀ, ਪਾਣੀ, ਬੈਡ ਅਤੇ ਮੈਸ ਦਾ ਉਚਿੱਤ ਪ੍ਰਬੰਧ ਹੋਵੇਗਾ।
3. ਲੜਕੀਆਂ ਲਈ ਰਿਹਾਇਸ਼ੀ ਖੇਡ ਵਿੰਗ ਸਿਰਫ ਉਹਨਾਂ ਸਰਕਾਰੀ, ਸਰਕਾਰੀ ਸਹਾਇਤਾਂ ਪ੍ਰਾਪਤ ਸਕੂਲਾਂ ਨੂੰ ਹੀ ਦਿੱਤੇ ਜਾਣਗੇ ਜਿਹਨਾਂ ਕੋਲ ਖੇਡਾਂ ਸਬੰਧੀ ਆਪਣਾ ਬੁਨਿਆਦੀ ਢਾਂਚਾ ਜਿਵੇਂ ਸਬੰਧਤ ਖੇਡ ਮੈਦਾਨ, ਹੋਸਟਲ ਸਕੂਲ ਦੇ ਨਾਲ ਜਾਂ ਚਾਰਦਿਵਾਰੀ ਦੇ ਅੰਦਰ,ਟੁਆਇਲਟ,ਬਾਥਰੂਮ,ਬਿਜਲੀ,ਪਾਣੀ,ਬੈਡ ਅਤੇ ਮੈਸ ਦਾ ਉਚਿੱਤ ਪ੍ਰਬੰਧ ਹੋਵੇਗਾ। ਖੇਡ ਮੈਦਾਨ ਸਕੂਲ ਦੀ ਚਾਰਦੀਵਾਰੀ ਵਿੱਚ ਹੋਵੇਗਾ।
4. ਰਿਹਾਇਸ਼ੀ ਖੇਡ ਵਿੰਗ ਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਲੈਕਚਰਾਰ ਫਿਜੀਕਲ ਐਜੂਕੇਸ਼ਨ/ ਸਰੀਰਕ ਸਿੱਖਿਆ ਅਧਿਆਪਕ ਸਬੰਧਤ ਖੇਡ ਦਾ ਹੋਣਾ ਚਾਹੀਦਾ ਹੈ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਵੀ ਸਬੰਧਤ ਖੇਡ ਦਾ ਲੈਕਚਰਾਰ ਫਿਜੀਕਲ ਐਜੂਕੇਸ਼ਨ/ ਸਰੀਰਕ ਸਿੱਖਿਆ ਅਧਿਆਪਕ /ਕੋਚ ਹੋਣਾ ਲਾਜਮੀ ਹੋਵੇਗਾ।
5. ਕਿਸੇ ਵੀ ਪ੍ਰਾਈਵੇਟ ਸਕੂਲ ਨੂੰ ਰਿਹਾਇਸ਼ੀ ਖੇਡ ਵਿੰਗ ਨਹੀਂ ਦਿੱਤਾ ਜਾਵੇਗਾ।
6. ਰਿਹਾਇਸ਼ੀ ਖੇਡ ਵਿੰਗਾਂ ਲਈ ਟ੍ਰਾਇਲਜ ਸਬੰਧੀ ਕਾਰਵਾਈ ਫਰਵਰੀ ਮਹੀਨੇ ਤੋਂ ਆਰੰਭੀ ਜਾਵੇਗੀ ਅਤੇ ਖਿਡਾਰੀਆਂ ਦੀ ਚੋਣ ਉਪਰੰਤ ਮਈ ਮਹੀਨੇ ਤੋਂ ਵਿੰਗ ਸ਼ੁਰੂ ਕੀਤੇ ਜਾਣਗੇ।
7. ਰਿਹਾਇਸ਼ੀ ਖੇਡ ਵਿੰਗਾਂ ਦੇ ਇੰਚਾਰਜ ਅਧਿਆਪਕ,ਵਾਰਡਨ,ਸਵੀਪਰ ਅਤੇ ਖਿਡਾਰੀਆਂ ਦੀ ਬਾਇਓਮੀਟਰਿਕ ਹਾਜ਼ਰੀ ਲਗਾਈ ਜਾਵੇਗੀ।
8. ਰਿਹਾਇਸ਼ੀ ਖੇਡ ਵਿੰਗਾਂ ਦੇ ਵਾਰਡਨ ਨੂੰ 5000/- ਰੁਪਏ ਅਤੇ ਸਵੀਪਰ ਨੂੰ 2500/- ਰੁਪਏ ਪ੍ਰਤੀ ਮਹੀਨਾ ਮਿਹਨਤਾਨਾ ਹਰ ਸਾਲ ਵਿੰਗ ਸ਼ੁਰੂ ਹੋਣ ਤੋਂ ਖਤਮ ਹੋਣ ਤੱਕ ਦਿੱਤਾ ਜਾਵੇਗਾ।
9. ਰਿਹਾਇਸ਼ੀ ਖੇਡ ਵਿੰਗਾ ਲਈ ਖੇਡ ਸਮਾਨ ਅਤੇ ਸਪੋਰਟਸ ਕਿੱਟਾਂ ਦੀ ਖਰੀਦੋ-ਫਰੋਖਤ ਵਿੰਗ ਸ਼ੁਰੂ ਹੋਣ ਤੋਂ ਤੁਰੰਤ ਬਾਅਦ ਵਿੰਗ ਇੰਚਾਰਜਾਂ ਦੀ ਮੰਗ ਅਨੁਸਾਰ ਕੀਤੀ ਜਾਵੇਗੀ,ਤਾਂ ਜੋ ਖਿਡਾਰੀਆਂ ਨੂੰ ਸਮੇਂ ਸਿਰ ਸਪੋਰਟਸ ਕਿੱਟਾਂ ਅਤੇ ਖੇਡ ਸਮਾਨ ਮੁਹੱਈਆਂ ਕਰਵਾਇਆ ਜਾ ਸਕੇ।
10. ਰਿਹਾਇਸ਼ੀ ਖੇਡ ਵਿੰਗਾਂ ਦੇ ਖਿਡਾਰੀਆਂ ਲਈ ਜੂਨ ਮਹੀਨੇ ਦੀਆਂ ਛੁੱਟੀਆਂ ਦੌਰਾਨ 15 ਦਿਨ ਦਾ ਸਮਰ ਕੋਚਿੰਗ ਕੈਂਪ ਲਗਾਉਣਾ ਲਾਜ਼ਮੀ ਹੋਵੇਗਾ।ਇਸ ਕੈਂਪ ਦੀ ਦੇਖ-ਰੇਖ ਜਿਲ੍ਹਾ ਸਪੋਰਟਸ ਕੋਆਰਡੀਨੇਟਰ ਕਰਨਗੇ। ਰਿਹਾਇਸ਼ੀ ਖੇਡ ਵਿੰਗਾਂ ਦੇ ਖਿਡਾਰੀਆਂ ਨੂੰ ਟ੍ਰੇਨਿੰਗ ਦੇਣ ਵਾਲੇ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਲੈਕਚਰਾਰ ਫਿਜੀਕਲ ਐਜੂਕੇਸ਼ਨ/ ਸਰੀਰਕ ਸਿੱਖਿਆ ਅਧਿਆਪਕ ਨੂੰ ਸਮਰ

ਕੋਚਿੰਗ ਕੈਂਪ ਦੌਰਾਨ ਛੁੱਟੀਆ ਵਿੱਚ ਡਿਊਟੀ ਦੇਣ ਕਾਰਨ ਵਿਭਾਗ ਦੇ ਨਿਯਮਾਂ ਅਨੁਸਾਰ ਕਮਾਈ ਛੁੱਟੀ ਦਿੱਤੀ ਜਾਵੇਗੀ।

11. ਰਿਹਾਇਸ਼ੀ ਖੇਡ ਵਿੰਗਾ ਲਈ ਚੁਣੇ ਗਏ ਖਿਡਾਰੀਆਂ ਦੇ ਮਾਪਿਆਂ ਤੋਂ ਚਾਲੂ ਸੈਸ਼ਨ ਦੌਰਾਨ ਵਿੰਗ ਨਾ ਛੱਡਣ ਦਾ ਇਕਰਾਰਨਾਮਾਂ/ਹਲਫੀਆ ਬਿਆਨ ਲਿਆ ਜਾਵੇਗਾ।

12. ਖੋਲ੍ਹੇ ਗਏ ਰਿਹਾਇਸ਼ੀ ਖੇਡ ਵਿੰਗਾਂ ਦੀ ਵਿਭਾਗ ਦੁਆਰਾ ਸਮੇਂ-ਸਮੇਂ ਤੇ ਖਿਡਾਰੀਆ ਦੀ ਮੈਡੀਕਲ ਜਾਂਚ, ਮੈਸ ਦੀ ਜਾਂਚ, ਖਿਡਾਰੀਆਂ ਦੀ ਰਿਹਾਇਸ਼ ਦੀ ਜਾਂਚ,ਖਿਡਾਰੀਆਂ ਦੀ ਹਾਜ਼ਰੀ ਦੀ ਜਾਂਚ ਅਤੇ ਖਿਡਾਰੀਆਂ ਦੀ ਟ੍ਰੇਨਿੰਗ ਪਲਾਨ ਦੀ ਜਾਂਚ ਕਰਵਾਈ ਜਾਵੇਗੀ।

13. ਰਿਹਾਇਸ਼ੀ ਖੇਡ ਵਿੰਗਾਂ ਵਿੱਚ ਖਾਣੇ ਦਾ ਮੀਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕੀਤਾ ਜਾਵੇਗਾ ਤਾਂ ਜੋ ਵਿਭਾਗ ਵੱਲੋਂ ਖਿਡਾਰੀਆ ਦੀ ਡਾਈਟ ਲਈ ਦਿੱਤੀ ਜਾਣ ਵਾਲੀ ਰਾਸ਼ੀ ਦਾ ਸਹੀ ਉਪਯੋਗ ਹੋ ਸਕੇ ਅਤੇ ਖਿਡਾਰੀਆਂ ਨੂੰ ਪੋਸ਼ਟਿਕ ਖੁਰਾਕ ਮੁਹੱਈਆਂ ਕਰਵਾਈ ਜਾ ਸਕੇ।ਖਾਣੇ ਦਾ ਮੀਨੂੰ ਦਿਨਾਂ ਦੇ ਹਿਸਾਬ ਨਾਲ ਮੁੱਖ ਦਫਤਰ ਵੱਲੋਂ ਤਿਆਰ ਕਰਕੇ ਭੇਜਿਆ ਜਾਵੇਗਾ।

14. ਰਿਹਾਇਸੀ ਖੇਡ ਵਿੰਗ ਦੇ ਖਿਡਾਰੀਆਂ ਨੂੰ 200/- ਰੁਪਏ ਪ੍ਰਤੀ ਦਿਨ ਪ੍ਰਤੀ ਖਿਡਾਰੀ ਦੇ ਹਿਸਾਬ ਨਾਲ ਖੁਰਾਕ ਮੁਹੱਈਆਂ ਕਰਵਾਈ ਜਾਵੇਗੀ।

15. ਰਿਹਾਇਸੀ ਖੇਡ ਵਿੰਗਾਂ ਵਿੱਚ ਬਾਹਰਲੇ ਰਾਜਾਂ ਤੋਂ ਆਉਣ ਵਾਲੇ ਖਿਡਾਰੀਆਂ ਦੇ ਸਿੱਧੇ ਤੌਰ ਤੇ ਟ੍ਰਾਇਲਾਂ ਵਿੱਚ ਭਾਗ ਲੈਣ ਦੀ ਮੁਕੰਮਲ ਪਾਬੰਦੀ ਹੋਵੇਗੀ।ਜੇਕਰ ਉਹ ਰਿਹਾਇਸ਼ੀ ਖੇਡ ਵਿੰਗਾਂ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਤੋਂ ਸਕੂਲ ਛੱਡਣ ਦਾ ਸਰਟੀਫਿਕੇਟ ਪ੍ਰਤੀ ਹਸਤਾਖਰ ਕਰਵਾ ਕੇ ਲਿਆਉਣਾ ਲਾਜਮੀ ਹੋਵੇਗਾ।ਉਨ੍ਹਾਂ ਦਾ ਦਾਖਲਾ (ਐਡਮਿਸ਼ਨ) ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਹੋਣਾ ਚਾਹੀਦਾ ਹੈ।

16. ਪ੍ਰਾਇਮਰੀ ਸਕੂਲ ਅੰਤਰ ਜਿਲ੍ਹਾ ਖੇਡਾਂ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਤੇ ਆਉਣ ਵਾਲੇ ਖਿਡਾਰੀਆਂ ਨੂੰ ਸਕੂਲ ਸਿੱਖਿਆ ਵਿਭਾਗ (ਸੈਸਿ) ਵੱਲੋਂ ਵੱਖ-ਵੱਖ ਖੇਡਾਂ ਲਈ ਅੰਡਰ-14 ਸਾਲ ਦੇ ਰਿਹਾਇਸ਼ੀ ਖੇਡ ਵਿੰਗਾਂ ਵਿੱਚ ਟ੍ਰਾਇਲ ਸਮੇਂ ਮੈਰਿਟ ਅਨੁਸਾਰ ਤਰਜੀਹ ਦਿੱਤੀ ਜਾਵੇਗੀ।

17. ਰਿਹਾਇਸੀ ਖੇਡ ਵਿੰਗ (ਸਕੂਲ ਸਿੱਖਿਆ ਵਿਭਾਗ) ਦੀਆ ਟੀਮਾਂ ਨੂੰ ਅੰਤਰ ਜਿਲ੍ਹਾ ਟੂਰਨਾਮੈਂਟ ਦੌਰਾਨ ਆਉਣ-ਜਾਣ ਦਾ ਕਿਰਾਇਆ, ਖੁਰਾਕ ਭੱਤਾ ਅਤੇ ਰਿਫ੍ਰੈਸ਼ਮੈਂਟ ਮੁੱਖ ਦਫਤਰ ਵੱਲੋਂ ਦਿੱਤੀ ਜਾਵੇਗੀ।

18. ਰਿਹਾਇਸੀ ਖੇਡ ਵਿੰਗਾਂ ਦੇ ਸਬੰਧਤ ਸਕੂਲ ਮੁੱਖੀਆਂ ਵੱਲੋਂ ਮੈਸ ਠੇਕੇਦਾਰ,ਵਾਰਡਨ ਅਤੇ ਸਵੀਪਰ ਨੂੰ ਮਿਹਨਤਾਨੇ ਦੀ ਅਦਾਇਗੀ ਚੈਕ/ਆਰ.ਟੀ.ਜੀ.ਐਸ. ਰਾਹੀਂ ਕੀਤੀ ਜਾਵੇਗੀ।

19. ਸਬੰਧਤ ਜਿਲ੍ਹੇ ਦੇ ਜਿਲ੍ਹਾ ਸਪੋਰਟਸ ਕੋਆਰਡੀਨੇਟਰ ਵੱਲੋਂ ਰਿਹਾਇਸ਼ੀ ਖੇਡ ਵਿੰਗਾ ਦੀ ਸਮੁੱਚੀ ਕਾਰਗੁਜ਼ਾਰੀ ਦੀ ਮਹੀਨਾਵਾਰ ਰਿਪੋਰਟ ਮੁੱਖ ਦਫਤਰ ਨੂੰ ਭੇਜਣੀ ਲਾਜ਼ਮੀ ਹੋਵੇਗੀ ਅਤੇ ਮਹੀਨੇ ਵਿੱਚ ਘੱਟੋ-ਘੱਟ ਇੱਕ ਵਾਰ ਚੈਕਿੰਗ ਕਰਨੀ ਲਾਜ਼ਮੀ ਹੋਵੇਗੀ।

20. ਪਿਛਲੇ ਸਾਲ ਦੇ ਚਲ ਰਹੇ ਰਿਹਾਇਸ਼ੀ ਖੇਡ ਵਿੰਗਾਂ ਨੂੰ ਉਹਨ੍ਹਾਂ ਦੇ ਪਿਛਲੇ ਸਾਲ ਦੇ ਅੰਤਰ ਜਿਲ੍ਹਾ ਸਕੂਲ ਖੇਡਾਂ ਦੇ ਨਤੀਜਿਆਂ ਨੂੰ ਮੱਦੇ ਨਜਰ ਰੱਖਦੇ ਹੋਏ ਅਗਲੇ ਸਾਲ ਲਈ ਵਿੰਗ ਚਾਲੂ ਰੱਖਣ ਬਾਰ ਫੈਸਲਾ ਕੀਤਾ ਜਾਵੇਗਾ ।

21. ਪਿਛਲੇ ਸਾਲ ਦੇ ਚੱਲ ਰਹੇ ਵਿੰਗਾਂ ਦੀਆਂ ਸੀਟਾਂ ਵਿੱਚ ਘਾਟਾ ਵਾਧਾ ਉਹਨ੍ਹਾਂ ਦੀ ਪਿਛਲੇ ਸਾਲ ਦੀ ਖੇਡ ਪ੍ਰਾਪਤੀਆਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਵੇਗਾ ।

22. ਰਿਹਾਇਸ਼ੀ ਖੇਡ ਵਿੰਗਾਂ ਵਿੱਚ ਖਿਡਾਰੀਆਂ ਦੇ ਦਾਖਲੇ ਸਬੰਧੀ ਲਾਜਮੀ ਦਸਤਾਵੇਜ ਜਮ੍ਹਾ ਕਰਵਾਉਣ ਸਬੰਧੀ ਸਕੂਲ ਸਿਖਿਆ ਬੋਰਡ ਨਾਲ ਕਿਸੇ ਵੀ ਕਿਸਮ ਦੇ ਤਾਲਮੇਲ ਲਈ ਸਬੰਧਤ ਸਕੂਲ ਮੁਖੀ ਵੱਲੋਂ ਜੇਕਰ ਕੋਈ ਕੁਤਾਹੀ ਹੁੰਦੀ ਹੈ ਤਾਂ ਸਕੂਲ ਮੁਖੀ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ ।

## 14.2 ਡੇ-ਸਕਾਲਰ ਖੇਡ ਵਿੰਗ

1. ਜਿਨ੍ਹਾਂ ਸਕੂਲਾਂ ਵਿੱਚ ਸਵੇਰ ਅਤੇ ਸ਼ਾਮ ਖੇਡਾਂ ਦੀ ਪ੍ਰੈਕਟਿਸ ਕਰਵਾਈ ਜਾਂਦੀ ਹੈ ਉਨ੍ਹਾਂ ਸਕੂਲਾ ਦੀ ਸੂਚਨਾ ਪ੍ਰਾਪਤ ਹੋਣ ਤੇ ਨਿਰੀਖਣ ਕਰਨ ਉਪਰੰਤ ਮੈਰਿਟ ਦੇ ਅਧਾਰ ਤੇ ਖੇਡ ਦਾ ਮੈਦਾਨ,ਵਿਦਿਆਰਥੀਆਂ ਦੀ ਗਿਣਤੀ (ਪ੍ਰਾਇਮਰੀ/ਮਿਡਲ ਸਕੂਲ ਵਿੱਚ ਘੱਟੋ-ਘੱਟ 75,ਹਾਈ ਸਕੂਲ ਵਿੱਚ ਘੱਟੋ-ਘੱਟ 150, ਸੀਨੀਅਰ ਸੈਕੰਡਰੀ ਸਕੂਲ ਵਿੱਚ ਘੱਟੋ-ਘੱਟ 350), ਸਬੰਧਤ ਲੈਕਚਰਾਰ ਫਿਜੀਕਲ ਐਜੂਕੇਸ਼ਨ/ ਸਰੀਰਕ ਸਿੱਖਿਆ ਅਧਿਆਪਕ ਨੂੰ ਧਿਆਨ ਵਿੱਚ ਰੱਖਦੇ ਹੋਏ ਡੇ-ਸਕਾਲਰ ਵਿੰਗ ਅਲਾਟ ਕੀਤੇ ਜਾਣਗੇ।
2. ਡੇ-ਸਕਾਲਰ ਵਿੰਗ ਕੇਵਲ ਸਰਕਾਰੀ ਸਕੂਲਾਂ ਨੂੰ ਹੀ ਦਿੱਤੇ ਜਾਣਗੇ। ਵਿੰਗ ਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਲੈਕਚਰਾਰ ਫਿਜੀਕਲ ਐਜੂਕੇਸ਼ਨ/ ਸਰੀਰਕ ਸਿੱਖਿਆ ਅਧਿਆਪਕ ਸਬੰਧਤ ਖੇਡ ਅਤੇ ਸਬੰਧਤ ਸਕੂਲ ਦਾ ਹੀ ਹੋਣਾ ਲਾਜ਼ਮੀ ਹੋਵੇਗਾ।
3. ਡੇ-ਸਕਾਲਰ ਵਿੰਗਾਂ ਦੀ ਮਹੀਨੇ ਵਿੱਚ 02 ਵਾਰ ਜਿਲ੍ਹਾ ਸਪੋਰਟਸ ਕੋਆਰਡੀਨੇਟਰ ਵੱਲੋਂ ਜਾਂਚ ਕੀਤੀ ਜਾਵੇਗੀ ਅਤੇ ਸਮੁੱਚੀ ਜਾਂਚ ਰਿਪੋਰਟ ਮਹੀਨੇ ਬਾਅਦ ਮੁੱਖ ਦਫਤਰ ਨੂੰ ਭੇਜਣਗੇ।
4. ਡੇ-ਸਕਾਲਰ ਵਿੰਗ ਮਈ ਮਹੀਨੇ ਤੋਂ ਦਸੰਬਰ ਮਹੀਨੇ ਤੱਕ ਚਲਾਏ ਜਾਣਗੇ।
5. ਡੇ-ਸਕਾਲਰ ਵਿੰਗ ਦੇ ਖਿਡਾਰੀਆਂ ਨੂੰ 100/- ਰੁਪਏ ਪ੍ਰਤੀ ਦਿਨ ਪ੍ਰਤੀ ਖਿਡਾਰੀ ਦੇ ਹਿਸਾਬ ਨਾਲ ਖੁਰਾਕ ਮੁਹੱਈਆ ਕਰਵਾਈ ਜਾਵੇਗੀ। ਡਾਇਟ ਸਬੰਧੀ ਮੀਨੂੰ ਮੁੱਖ ਦਫਤਰ ਵੱਲੋਂ ਜਾਰੀ ਕੀਤਾ ਜਾਵੇਗਾ।
6. ਡੇ-ਸਕਾਲਰ ਵਿੰਗ ਦੇ ਖਿਡਾਰੀਆਂ ਨੂੰ ਸਵੇਰੇ ਅਤੇ ਸ਼ਾਮ 02-02 ਘੰਟੇ ਟ੍ਰੇਨਿੰਗ ਦਿੱਤੀ ਜਾਵੇਗੀ।
7. ਡੇ-ਸਕਾਲਰ ਵਿੰਗ (ਸਕੂਲ ਸਿੱਖਿਆ ਵਿਭਾਗ) ਦੇ ਲੈਕਚਰਾਰ ਫਿਜੀਕਲ ਐਜੂਕੇਸ਼ਨ/ ਸਰੀਰਕ ਸਿੱਖਿਆ ਅਧਿਆਪਕ ਨੂੰ ਅੱਧੇ ਦਿਨ ਦੀ ਸਕੂਲ ਸਮੇਂ ਤੋਂ ਛੋਟ ਹੋਵੇਗੀ। ਇਸ ਸਬੰਧੀ ਸਕੂਲ ਮੁੱਖੀ ਲਿਖਤੀ ਰਿਕਾਰਡ ਰੱਖਣਗੇ।
8. ਡੇ ਸਕਾਰਲਰ ਵਿੰਗ ਦੇ ਖਿਡਾਰੀਆਂ ਲਈ ਡਾਇਟ ਖਰਚਾ ਮੁੱਖ ਦਫਤਰ ਤੋਂ ਸਬੰਧਤ ਸਕੂਲ ਮੁੱਖੀ ਨੂੰ ਜਾਰੀ ਕੀਤਾ ਜਾਵੇਗਾ।
9. ਡੇ- ਸਕਾਲਰ ਵਿੰਗ ਦੇ ਖਿਡਾਰੀ ਇੱਕ ਹੀ ਖੇਡ ਅਤੇ ਸਬੰਧਤ ਸਕੂਲ ਦੇ ਹੀ ਹੋਣਗੇ।
10. ਡੇ- ਸਕਾਲਰ ਵਿੰਗ ਦੇ ਖਿਡਾਰੀਆਂ ਦੀ ਹਾਜ਼ਰੀ ਬਾਇਓਮੈਟ੍ਰਿਕ ਲੱਗੇਗੀ।
11. ਡੇ-ਸਕਾਲਰ ਵਿੰਗ ਦੇ ਖਿਡਾਰੀਆਂ ਦੇ ਡਾਇਟ ਦਾ ਬਿਲ ਵਿੰਗ ਇੰਚਾਰਜ ਅਤੇ ਸਕੂਲ ਮੁੱਖੀ ਵੱਲੋਂ ਪ੍ਰਤੀ ਹਸਤਾਖਰ ਕਰਕੇ ਹਰੇਕ ਮਹੀਨੇ ਦੇ ਪਹਿਲੇ ਹਫਤੇ ਮੁੱਖ ਦਫਤਰ ਨੂੰ ਭੇਜਣਾ ਲਾਜ਼ਮੀ ਹੋਵੇਗਾ।

## 15.0 ਇਨਾਮ ਅਤੇ ਲਾਭ

1 ਖੇਡ ਸੰਚਾਲਨ ਪਾਲਿਸੀ ਵਿੱਚ ਦਰਜ ਖੇਡਾਂ ਅਨੁਸਾਰ ਜਿਹੜੇ ਖਿਡਾਰੀ ਨੈਸ਼ਨਲ ਸਕੂਲ ਖੇਡਾਂ/ਇੰਟਰਨੈਸ਼ਨਲ ਸਕੂਲ ਖੇਡਾਂ ਵਿੱਚ ਹਿੱਸਾ ਲੈਣਗੇ ਉਨ੍ਹਾਂ ਦੇ ਖਿਡਾਰੀਆਂ ਦੀ ਹੋਸਲਾਂ ਅਫਜਾਈ ਕਰਨ ਲਈ ਹੇਠ ਲਿਖੇ ਅਨੁਸਾਰ ਇਨਾਮੀ ਰਾਸ਼ੀ ਮੁੱਖ ਦਫਤਰ ਵੱਲੋਂ ਸਮਾਗਮ ਕਰਕੇ ਦਿੱਤੀ ਜਾਵੇਗੀ:ਃ

| ਲੜੀ ਨੰ. | ਟੂਰਨਾਮੈਂਟ | ਮੈਡਲ | ਇਨਾਮੀ ਰਾਸ਼ੀ | ਪ੍ਰਤੀ ਖਿਡਾਰੀ/ਟੀਮ |
|---|---|---|---|---|
| 1. | ਅੰਤਰ ਰਾਸ਼ਟਰੀ ਸਕੂਲ ਖੇਡਾਂ | ਗੋਲਡ | 1,00,000/ | ਪ੍ਰਤੀ ਖਿਡਾਰੀ |
| | | ਸਿਲਵਰ | 75,000/- | ਪ੍ਰਤੀ ਖਿਡਾਰੀ |
| | | ਬਰੌਨਜ਼ | 50,000/- | ਪ੍ਰਤੀ ਖਿਡਾਰੀ |
| | | ਪਾਰਟੀਸੀਪੇਸ਼ਨ | 25,000/- | ਪ੍ਰਤੀ ਖਿਡਾਰੀ |
| 2. | ਨੈਸ਼ਨਲ ਸਕੂਲ ਖੇਡਾਂ | ਗੋਲਡ | 7,000/- | ਪ੍ਰਤੀ ਖਿਡਾਰੀ ਪ੍ਰਤੀ **ਈਵੈਂਟ** |
| | | ਸਿਵਲਰ | 5,000/- | ਪ੍ਰਤੀ ਖਿਡਾਰੀ ਪ੍ਰਤੀ **ਈਵੈਂਟ** |
| | | ਬਰੌਨਜ਼ | 3,000/- | ਪ੍ਰਤੀ ਖਿਡਾਰੀ ਪ੍ਰਤੀ **ਈਵੈਂਟ** |

2 ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਅਤੇ ਜੇਤੂ ਖਿਡਾਰੀਆਂ ਨੂੰ , ਅੰਤਰ ਜਿਲ੍ਹਾ ਸਕੂਲ ਖੇਡਾਂ ਵਿੱਚ ਸਿਰਫ ਜੇਤੂ ਖਿਡਾਰੀਆਂ ਨੂੰ 5ਵੀਂ, 8ਵੀਂ, 10ਵੀਂ ਅਤੇ 12ਵੀਂ ਜਮਾਤਾਂ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹੇਠ ਲਿਖੇ ਅਨੁਸਾਰ ਅੰਕ ਦਿੱਤੇ ਜਾਣਗੇ।

| ਲੜੀ ਨੰ. | ਟੂਰਨਾਮੈਂਟ | ਪੁਜੀਸ਼ਨ | ਅੰਕ |
|---|---|---|---|
| 1. | ਨੈਸ਼ਨਲ ਸਕੂਲ ਖੇਡਾਂ | ਪਹਿਲੀਂ | 25 |
| | | ਦੂਜੀ | 22 |
| | | ਤੀਜੀ | 19 |
| | | ਪਾਰਟੀਸ਼ਪੇਸ਼ਨ | 15 |
| 2. | ਅੰਤਰ ਜਿਲ੍ਹਾ ਸਕੂਲ ਖੇਡਾਂ | ਪਹਿਲੀਂ | 15 |
| | | ਦੂਜੀ | 12 |
| | | ਤੀਜੀ | 09 |

3. ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਖੇਡ ਅੰਕ ਉਕਤ ਅਨੁਸਾਰ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਣਗੇ, ਜਿਨ੍ਹਾਂ ਨੇ ਉਸੇ ਵਿੱਦਿਅਕ ਵਰ੍ਹੇ ਵਿੱਚ (ਅੰਤਰ ਜ਼ਿਲ੍ਹਾ ਸਕੂਲ ਖੇਡਾਂ ਜਾਂ ਨੈਸ਼ਨਲ ਸਕੂਲ ਖੇਡਾਂ) ਭਾਗ ਲਿਆ ਹੋਵੇਗਾ। ਸਿਰਫ ਇੱਕ ਖੇਡ ਪ੍ਰਾਪਤੀ ਦੇ ਹੀ ਉੱਚ ਅੰਕ ਦਿੱਤੇ ਜਾਣਗੇ।
4. ਅੰਤਰ ਜਿਲ੍ਹਾ ਸਕੂਲ ਖੇਡਾਂ ਅਤੇ ਰਾਸ਼ਟਰੀ ਸਕੂਲ ਖੇਡ ਮੁਕਾਬਲਿਆਂ ਵਿੱਚ ਖਿਡਾਰੀ ਦੇ ਸੱਟ ਲੱਗਣ ਤੇ ਆਉਣ ਵਾਲਾ ਮੈਡੀਕਲ ਬਿੱਲ ਦਾ ਖਰਚਾ ਵੱਧ ਤੋਂ ਵੱਧ ਦੋ ਲੱਖ ਰੁਪਏ ਤੱਕ ਮੁੱਖ ਦਫਤਰ ਵੱਲੋਂ ਸਪੋਰਟਸ ਫੰਡ ਵਿੱਚੋਂ ਦਿੱਤਾ ਜਾਵੇਗਾ। ਅੰਤਰ ਜਿਲ੍ਹਾ ਸਕੂਲ ਖੇਡਾਂ ਦੌਰਾਨ ਸੱਟ ਲੱਗਣ ਤੇ ਮੈਡੀਕਲ ਖਰਚਾ ਸਰਕਾਰ ਦੀਆਂ ਮੌਜੂਦਾ ਹਦਾਇਤਾਂ ਅਨੁਸਾਰ ਬਿਲ ਪਿੱਤਰੀ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਵੱਲੋਂ ਪ੍ਰਤੀ ਹਸਤਾਖਰ ਕਰਕੇ ਮੁੱਖ ਦਫ਼ਤਰ ਨੂੰ ਸਮੇਂ ਸਿਰ ਭੇਜੇ ਜਾਣਗੇ।

## 16.0 ਖੇਡ ਪ੍ਰਤਿਭਾ ਖੋਜ ਪ੍ਰੋਗਰਾਮ

ਪ੍ਰਾਇਮਰੀ, ਮਿਡਲ,ਹਾਈ ਅਤੇ ਸੈਕੰਡਰੀ ਸਕੂਲ ਦੇ ਹਰੇਕ ਵਿਦਿਆਰਥੀ ਦਾ ਸੈਸ਼ਨ ਦੇ ਸ਼ੁਰੂ ਵਿੱਚ ਅਧਿਆਪਕ ਦੁਆਰਾ ਪ੍ਰੋਗਰੈਸਿਵ ਟੈਸਟ ਲਿਆ ਜਾਵੇਗਾ।ਜਿਸ ਵਿੱਚ ਹੇਠ ਲਿਖੇ ਤਹਿ ਕੀਤੇ ਮਾਪਦੰਡਾਂ ਅਨੁਸਾਰ ਮੁੱਢਲੀ,ਮੱਧਵਰਤੀ ਅਤੇ ਆਖਰੀ ਜਾਂਚ ਕਰਕੇ ਹਰੇਕ ਵਿਦਿਆਰਥੀ ਦੀ ਪ੍ਰਗਤੀ ਰਿਪੋਰਟ ਤਿਆਰ ਕੀਤੀ ਜਾਵੇਗੀ।ਜਿਹੜੇ ਖਿਡਾਰੀ ਬੀ.ਐਮ.ਆਈ. ਟੈਸਟ ਅਨੁਸਾਰ ਘੱਟ ਭਾਰ/ਵੱਧ ਭਾਰ ਪਾਏ ਜਾਣਗੇ,ਉਨ੍ਹਾਂ ਦੇ ਮਾਪਿਆਂ ਦੀ ਕਾਉਂਸਲਿੰਗ ਕਰਕੇ ਖਿਡਾਰੀਆਂ ਨੂੰ ਸਪੈਸ਼ਲ ਪੋਸ਼ਟਿਕ ਖੁਰਾਕ ਦੇਣ ਲਈ ਪ੍ਰੇਰਿਤ ਕੀਤਾ ਜਾਵੇਗਾ।

## 16.1 ਪ੍ਰਾਇਮਰੀ ਅਤੇ ਮਿਡਲ ਸਕੂਲ ਵਿਦਿਆਰਥੀਆਂ ਲਈ ਮੁਲੰਕਣ ਟੈਸਟਃ

| ਲੜੀ ਨੰ | ਕਿਰਿਆ ਦਾ ਨਾਂ | ਮੁੱਢਲੀ ਜਾਂਚ (ਸਮਾਂ/ਦੂਰੀ/ਉਚਾਈ) | ਮੱਧਵਰਤੀ ਜਾਂਚ (ਸਮਾਂ/ਦੂਰੀ/ਉਚਾਈ) | ਅੰਤਿਮ ਜਾਂਚ (ਸਮਾਂ/ਦੂਰੀ/ਉਚਾਈ) | ਪ੍ਰਗਤੀ |
|---|---|---|---|---|---|
| 1 | ਸਟੈਡਿੰਗ ਜੰਪ | | | | |
| 2 | ਵਰਟੀਕਲ ਜੰਪ | | | | |
| 3 | 30 ਮੀਟਰ ਸਪਰਿੰਟ | | | | |
| 4 | 10 ਮੀਟਰ ਸ਼ਟਲ ਰੇਸ | | | | |
| 5 | 600 ਮੀਟਰ ਰੇਸ | | | | |

## 16.2 ਹਾਈ ਅਤੇ ਸੈਕੰਡਰੀ ਸਕੂਲ ਵਿਦਿਆਰਥੀਆਂ ਲਈ ਮੁਲੰਕਣ ਟੈਸਟਃ

| ਲੜੀ ਨੰ | ਕਿਰਿਆ ਦਾ ਨਾਂ | ਮੁੱਢਲੀ ਜਾਂਚ (ਸਮਾਂ/ਦੂਰੀ/ਉਚਾਈ) | ਮੱਧਵਰਤੀ ਜਾਂਚ (ਸਮਾਂ/ਦੂਰੀ/ ਉਚਾਈ) | ਅੰਤਿਮ ਜਾਂਚ (ਸਮਾਂ/ਦੂਰੀ/ਉਚਾਈ) | ਪ੍ਰਗਤੀ |
|---|---|---|---|---|---|
| 1 | ਸਟੈਡਿੰਗ ਜੰਪ | | | | |
| 2 | ਵਰਟੀਕਲ ਜੰਪ | | | | |
| 3 | 30 ਮੀਟਰ ਸਪਰਿੰਟ | | | | |
| 4 | 10 ਮੀਟਰ ਸ਼ਟਲ ਰੇਸ | | | | |
| 5 | 2.4 ਕਿਲੋਮੀਟਰ ਰੇਸ | | | | |

ਖੇਡ ਪ੍ਰਤਿਭਾ ਖੋਜ ਪ੍ਰੋਗਰਾਮ ਅਧੀਨ ਚੁਣੇ ਗਏ ਵਿਦਿਆਰਥੀਆਂ ਦੀ ਪ੍ਰਤਿਭਾ ਨਵੀਨਤਮ ਵਿਗਿਆਨਿਕ ਢੰਗਾਂ ਨਾਲ ਜਾਂਚਣ ਲਈ ਐਨ.ਆਈ.ਐੱਸ. ਅਤੇ ਸਾਈ ਆਦਿ ਅਦਾਰਿਆ ਦੀ ਸਹਾਇਤਾ ਨਾਲ ਉਪਰਾਲੇ ਕੀਤੇ ਜਾਣਗੇ।

17.0 ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਲਈ ਮਨੋਰੰਜਕ ਕਿਰਿਆਵਾਂ ਹੇਠ ਲਿਖੇ ਅਨੁਸਾਰ ਹਨਃ-

| ਜਮਾਤ | ਮਨੋਰੰਜ਼ਕ ਕਿਰਿਆਵਾਂ | ਘੱਟੋ-ਘੱਟ ਟੀਚਾ |
|---|---|---|
| ਪ੍ਰੀ-ਪ੍ਰਾਇਮਰੀ (LKG and UKG) | ਬਾਲ ਸੁੱਟਣਾ | |
| | ਬਾਲ ਕੈਚ ਕਰਨਾ | |
| | ਬਾਲਟੀ ਵਿੱਚ ਬਾਲ ਪਾਉਣਾ | |
| | ਜਿਗ-ਜੈਗ ਲਾਈਨ ਤੇ ਤੁਰਨਾ | |
| | 10 ਮੀਟਰ ਰੇਸ | |
| ਪਹਿਲੀ | ਮਾਸ ਪੀ.ਟੀ. | 2 ਐਕਸਰਸਾਈਜ |
| | ਬਾਲ ਸੁੱਟਣਾ ਅਤੇ ਕੈਚ ਕਰਨਾ | 5/10 ਵਾਰ |
| | ਰੁਮਾਲ ਚੁੱਕਣਾ | - |
| | ਲੁੱਡੋ | - |
| | ਉਚ ਨੀਚ | - |
| | ਸੱਪ ਪੌੜੀ | - |
| ਦੂਸਰੀ | ਮਾਸ ਪੀ.ਟੀ. | 3 ਐਕਸਰਸਾਈਜ |
| | ਬਾਲ ਸੁੱਟਣਾ ਅਤੇ ਕੈਚ ਕਰਨਾ | 10/15 ਵਾਰ |
| | ਛੂਹਣ ਛੁਹਾਈ | ---- |
| | ਲੰਗੜੀ ਟੰਗ | 5 ਮੀਟਰ |
| | ਸਟਾਪੂ /ਪੀਚੋ | - |
| ਤੀਸਰੀ | ਮਾਸ ਪੀ.ਟੀ. | 5 ਐਕਸਰਸਾਈਜ਼ |
| | ਬਾਲ ਸੁੱਟਣਾ ਅਤੇ ਕੈਚ ਕਰਨਾ | 10 ਤੋਂ 15 ਵਾਰ |
| | ਰੱਸੀ ਟੱਪਣਾ | 15 ਵਾਰ |
| | ਗੀਟੇ ਖੇਡਣਾ | - |
| | ਕੈਰਮ | - |
| | ਚਮਚ ਦੌੜ | 10 ਮੀਟਰ |
| | ਕੋਟਲਾ ਛਪਾਕੀ | - |
| ਚੌਥੀ | ਮਾਸ ਪੀ.ਟੀ. | 5 ਐਕਸਰਸਾਈਜ |
| | ਬਾਲ ਸੁੱਟਣਾ ਅਤੇ ਕੈਚ ਕਰਨਾ | 10 ਤੋਂ 15 ਵਾਰ |
| | ਰੱਸੀ ਟੱਪਣਾ | 20 ਵਾਰ |
| | ਕੋਟਲਾ ਛਪਾਕੀ | - |
| | ਪੀਚੋ ਬੱਕਰੀ | - |
| | ਪਹਾੜ ਨੂੰ ਅੱਗ ਲੱਗੀ ਦੌੜੋ ਦੌੜੋ | - |
| | ਪਿੱਠੂ ਗਰਮ | - |
| | ਚੱਕਰ ਵਾਲੀ ਖੋ-ਖੋ | - |
| ਪੰਜਵੀਂ | ਮਾਸ ਪੀ.ਟੀ. ਅਤੇ ਯੋਗ | 5 ਐਕਸਰਸਾਈਜ |
| | ਬਾਲ ਸੁੱਟਣਾ ਅਤੇ ਕੈਚ ਕਰਨਾ | 15 ਤੋਂ 20 ਵਾਰ |
| | ਰੱਸੀ ਟੱਪਣਾ | 25 ਵਾਰ |
| | ਅੰਨਾ ਝੋਟਾ | - |
| | ਲੰਗੜੀ ਟੰਗ | 10 ਮੀਟਰ |
| | ਉਚ ਨੀਚ | ------- |
| | ਬੋਰੀ ਛਾਲ ਦੌੜ | 25 ਮੀਟਰ |

## 18.0 ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਮੁਕਾਬਲੇ ਵਾਲੀਆਂ ਖੇਡਾਂ ਹੇਠ ਲਿਖੇ ਅਨੁਸਾਰ ਹਨਃ

| ਲੜ੍ਹੀ ਨੰ:ਃ | ਮੁਕਾਬਲੇ ਵਾਲੀਆਂ ਖੇਡਾਂ | ਵਰਗ |
|---|---|---|
| 1 | ਖੋ-ਖੋ | ਲੜਕੇ/ ਲੜਕੀਆਂ |
| 2 | ਕਬੱਡੀ ਸਰਕਲ ਸਟਾਈਲ | ਲੜਕੇ |
| 3 | ਕਬੱਡੀ ਨੈਸ਼ਨਲ ਸਟਾਈਲ | ਲੜਕੇ/ਲੜਕੀਆਂ |
| 4 | ਅਥਲੈਟਿਕਸ | ਲੜਕੇ/ਲੜਕੀਆਂ |
| 5 | ਜਿਮਨਾਸਟਿਕ, ਰਿਧਮਿਕ, ਆਰਟਿਸਟਿਕ (ਫਲੋਰ ਐਕਸਰਸਾਈਜ਼) | ਲੜਕੇ/ਲੜਕੀਆਂ |
| 6 | ਯੋਗ | ਲੜਕੇ/ਲੜਕੀਆਂ |
| 7 | ਫੁੱਟਬਾਲ | ਲੜਕੇ/ਲੜਕੀਆਂ |
| 8 | ਸ਼ਤਰੰਜ | ਲੜਕੇ/ਲੜਕੀਆਂ |
| 9 | ਰੱਸਾਕੱਸੀ | ਲੜਕੇ |
| 10 | ਕੁਸ਼ਤੀਆਂ | ਲੜਕੇ |
| 11 | ਬੈਡਮਿੰਟਨ | ਲੜਕੇ/ਲੜਕੀਆਂ |
| 12 | ਤੈਰਾਕੀ | ਲੜਕੇ/ਲੜਕੀਆਂ |
| 13 | ਮਿੰਨੀ ਹੈਂਡਬਾਲ | ਲੜਕੇ/ਲੜਕੀਆਂ |
| 14 | ਹਾਕੀ (6-ਏ ਸਾਈਡ) | ਲੜਕੇ/ਲੜਕੀਆਂ |

## 19.0 ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਲਈ ਖੇਡਾਂ ਃ-

ਸੈਕੰਡਰੀ ਵਿੰਗ ਲਈ ਹੇਠ ਅਨੁਸਾਰ ਕੁੱਲ 33 ਖੇਡਾਂ ਸ਼ਾਮਿਲ ਕੀਤੀਆਂ ਗਈਆਂ ਹਨ ਜਿਸ ਵਿੱਚ 30 ਖੇਡਾਂ ਉਹ ਹਨ ਜਿਨ੍ਹਾਂ ਦੀ ਸਪੋਰਟਸ ਵਿਭਾਗ ਪੰਜਾਬ ਵੱਲੋਂ ਗ੍ਰੇਡੇਸ਼ਨ ਕੀਤੀ ਜਾਂਦੀ ਹੈ ਜਿਸਦਾ ਖਿਡਾਰੀਆਂ ਨੂੰ ਉੱਚ ਸਿੱਖਿਆ ਅਤੇ ਨੌਕਰੀ ਵਿੱਚ ਕੋਟਾ/ਲਾਭ ਮਿਲਦਾ ਹੈ। ਇਸ ਤੋਂ ਇਲਾਵਾ ਜੇਕਰ ਸਪੋਰਟਸ ਵਿਭਾਗ ਵੱਲੋਂ ਸਮੇਂ-ਸਮੇਂ ਤੇ ਹੋਰ ਖੇਡਾਂ ਨੂੰ ਗ੍ਰੇਡੇਸ਼ਨ ਪਾਲਿਸੀ ਤਹਿਤ ਸ਼ਾਮਿਲ ਕੀਤਾ ਜਾਵੇਗਾ ਉਨ੍ਹਾਂ ਖੇਡਾਂ ਨੂੰ (ਜੋ SGFI ਦੀ

ਖੇਡ ਸੂਚੀ ਵਿੱਚ ਹੋਣਗੀਆਂ) ਵੀ ਸੈਕੰਡਰੀ ਪੱਧਰ ਖੇਡਾਂ ਵਿੱਚ ਸ਼ਾਮਿਲ ਕਰ ਲਿਆ ਜਾਵੇਗਾ। ਮੌਜੂਦਾ ਖੇਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈਃ

| ਲੜ੍ਹੀ ਨੰ. | ਖੇਡ ਦਾ ਨਾਮ | ਲੜ੍ਹੀ ਨੰ. | ਖੇਡ ਦਾ ਨਾਮ |
|---|---|---|---|
| 1 | ਤੀਰ ਅੰਦਾਜ਼ੀ | 18 | ਹੈਂਡਬਾਲ |
| 2 | ਅਥਲੈਟਿਕਸ | 19 | ਸਾਫਟਬਾਲ |
| 3 | ਬੈਡਮਿੰਟਨ | 20 | ਕ੍ਰਿਕਟ |
| 4 | ਮੁੱਕੇਬਾਜ਼ੀ | 21 | ਗੱਤਕਾ |
| 5 | ਹਾਕੀ | 22 | ਕਬੱਡੀ ਸਰਕਲ |
| 6 | ਨਿਸ਼ਾਨੇਬਾਜ਼ੀ (ਸੂਟਿੰਗ) | 23 | ਨੈੱਟਬਾਲ |
| 7 | ਲਾਅਨ ਟੈਨਿਸ | 24 | ਸਕੇਟਿੰਗ ਅਤੇ ਰੋਲਰ ਹਾਕੀ |
| 8 | ਵੇਟਲਿਫਟਿੰਗ | 25 | ਸਵੀਮਿੰਗ, ਡਾਈਵਿੰਗ ਅਤੇ ਵਾਟਰ ਪੋਲੋ |
| 9 | ਕੁਸ਼ਤੀਆਂ (ਗਰੀਕੋ ਰੋਮਨ, ਫਰੀ ਸਟਾਈਲ) | 26 | ਟੇਬਲ ਟੈਨਿਸ |
| 10 | ਬਾਸਕਿਟਬਾਲ | 27 | ਵਾਲੀਬਾਲ |
| 11 | ਸਾਇਕਲਿੰਗ (ਰੋਡ ਅਤੇ ਟ੍ਰੈਕ) | 28 | ਕਬੱਡੀ (ਨੈਸ਼ਨਲ ਸਟਾਇਲ) |
| 12 | ਫੁੱਟਬਾਲ | 29 | ਪਾਵਰ ਲਿਫਟਿੰਗ |
| 13 | ਜਿਮਨਾਸਟਿਕ, (ਰਿਧਮਿਕ ਤੇ ਆਰਟਿਸਟਿਕ) | 30 | ਕਿੱਕ ਬਾਕਸਿੰਗ |
| 14 | ਜੂਡੋ | 31 | ਕਰਾਟੇ |
| 15 | ਸ਼ਤਰੰਜ | 32 | ਰੱਸ਼ਾਕੱਸੀ |
| 16 | ਖੋ-ਖੋ | 33 | ਯੋਗ |
| 17 | ਤਲਵਾਰਬਾਜ਼ੀ | | |

## 20.0 ਖੇਡ ਕਲੰਡਰ (ਪ੍ਰਾਇਮਰੀ ਖੇਡਾਂ)

| ਲੜ੍ਹੀ | ਮਹੀਨਾ | ਗਤੀਵਿਧੀ | ਪੱਧਰ |
|---|---|---|---|
| 1 | ਅਪ੍ਰੈਲ | ਜਨਰਲ ਵਾਰਮਿੰਗ ਅੱਪ ਅਤੇ ਸਟਰੈਚਿੰਗ ਐਕਸਰਸਾਈਜ | ਸਕੂਲ ਪੱਧਰ |
| 2 | ਮਈ | ਜਨਰਲ ਅਤੇ ਖੇਡ ਨਾਲ ਸਬੰਧਤ ਵਾਰਮਿੰਗ ਅੱਪ, ਸਕਿੱਲਜ਼ | ਸਕੂਲ ਪੱਧਰ |
| 3 | ਜੁਲਾਈ-ਅਗਸਤ | ਖੇਡਾਂ ਦੀ ਤਿਆਰੀ, ਪ੍ਰੈਕਟਿਸ ਮੈਚ | ਸਕੂਲ ਪੱਧਰ |
| 4 | ਸਤੰਬਰ-ਅਕਤੂਬਰ | ਖੇਡ ਮੁਕਾਬਲੇ | ਸੈਂਟਰ,ਬਲਾਕ, ਜਿਲ੍ਹਾ ਪੱਧਰ |
| 5 | ਨਵੰਬਰ-ਦਸੰਬਰ | ਖੇਡ ਮੁਕਾਬਲੇ | ਅੰਤਰ ਜ਼ਿਲ੍ਹਾ ਸਕੂਲ ਖੇਡਾਂ |

## 21.0 ਖੇਡ ਕਲੰਡਰ (ਸੈਕੰਡਰੀ ਖੇਡਾਂ)

| ਲੜੀ ਨੰ. | ਮਹੀਨਾ | ਗਤੀਵਿਧੀ | ਪੱਧਰ |
|---|---|---|---|
| 1 | ਅਪ੍ਰੈਲ, ਮਈ | ਇੰਡੋਰੈਂਸ,ਸਟਰੈਂਥ,ਫਲੈਕਸੀਬਿਲਟੀ, ਅਜਿਲਟੀ,ਸਪੀਡ,ਜਨਰਲ ਵਾਰਮਿੰਗ ਅੱਪ,ਸਟਰੈਚਿੰਗ ਐਕਸਰ ਸਾਈਜ,ਅਤੇ ਖੇਡ ਨਾਲ ਸਬੰਧਤ ਵਾਰਮਿੰਗ ਅੱਪ | ਸਕੂਲ ਪੱਧਰ |
| 2 | ਜੁਲਾਈ | ਖੇਡਾਂ ਦੀ ਤਿਆਰੀ ਅਤੇ ਪ੍ਰੈਕਟਿਸ ਮੈਚ | ਸਕੂਲ ਪੱਧਰ |
| 3 | 1 ਅਗਸਤ ਤੋਂ 30 ਸਤੰਬਰ | ਖੇਡ ਮੁਕਾਬਲੇ | ਜੋਨਲ,ਜ਼ਿਲ੍ਹਾ ਪੱਧਰ |
| 4 | ਅਕਤੂਬਰ-ਦਸੰਬਰ | ਖੇਡ ਮੁਕਾਬਲੇ | ਅੰਤਰ ਜ਼ਿਲ੍ਹਾ ਸਕੂਲ ਖੇਡਾਂ |

1. ਅੰਤਰ-ਜ਼ਿਲ੍ਹਾ ਖੇਡਾਂ ਦਾ ਖੇਡ ਕੈਲੰਡਰ ਹਰ ਸਾਲ 31 ਮਈ ਤੱਕ ਜਾਰੀ ਕੀਤਾ ਜਾਵੇਗਾ।
2. ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆਂ ਵੱਲੋਂ ਨੈਸ਼ਨਲ ਸਕੂਲ ਖੇਡਾਂ ਦਾ ਖੇਡ ਕਲੰਡਰ ਜਾਰੀ ਹੋਣ ਉਪਰੰਤ ਜਰੂਰਤ ਅਨੁਸਾਰ ਅੰਤਰ ਜ਼ਿਲ੍ਹਾ ਖੇਡ ਕਲੰਡਰ ਦੀਆ ਮਿਤੀਆਂ ਵਿੱਚ ਬਦਲਾਅ ਕੀਤਾ ਜਾਵੇਗਾ।
3. ਹਰ ਸਾਲ ਉਪਰੋਕਤ ਨਿਰਧਾਰਿਤ ਸ਼ਡਿਊਲ ਅਨੁਸਾਰ ਹੀ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀਆਂ ਜੋਨਲ ਅਤੇ ਜ਼ਿਲ੍ਹਾ ਪੱਧਰ ਖੇਡ ਸ਼ਡਿਊਲ ਜ਼ਾਰੀ ਕਰਕੇ ਟੂਰਨਾਮੈਂਟ ਕਰਵਾਉਣਗੀਆਂ।

## 22.0 ਵਿਸੇਸ਼ ਲੋੜਾਂ ਵਾਲੇ (CWSN) ਵਿਦਿਆਰਥੀਆਂ ਲਈ ਖੇਡਾਂ:

ਇਸ ਖੇਡ ਸੰਚਾਲਨ ਨੀਤੀ ਅਧੀਨ ਵਿਸੇਸ਼ ਲੋੜਾਂ ਵਾਲੇ ਬੱਚਿਆਂ ਨੂੰ ਵੀ ਖੇਡਾਂ ਨਾਲ ਜੋੜਿਆ ਜਾਵੇਗਾ। ਜਿਸ ਤਹਿਤ ਇਨ੍ਹਾਂ ਬੱਚਿਆਂ ਦੀਆਂ ਵਿਸੇਸ਼ ਖੇਡਾਂ ਹੇਠ ਲਿਖੇ ਅਨੁਸਾਰ ਕਰਵਾਈਆਂ ਜਾਣਗੀਆਂ ।

| ਲੜੀ ਨੰ. | ਖੇਡ ਦਾ ਨਾਮ | |
|---|---|---|
| 1 | ਬੈਡਮਿੰਟਨ | |
| 2 | ਫਲੋਰ ਬਾਲ | |
| 3 | ਟੇਬਲ ਟੈਨਿਸ | |
| 4 | ਫੁੱਟਬਾਲ-5-a-side | |
| 5 | ਹੈਂਡਬਾਲ | |
| 6 | ਸਾਫਟਬਾਲ | |
| 7 | ਵਾਲੀਬਾਲ | |
| 8 | **ਅਥਲੈਟਿਕਸ** | |
| | 25 ਮੀ. ਦੋੜ ਐਂਡ ਵਾਕ | 4x100/400 ਮੀ. ਰਿਲੇਅ |
| | 50 ਮੀ. ਦੋੜ ਐਂਡ ਵਾਕ | ਲੰਬੀ ਛਾਲ |
| | 100 ਮੀ./200 ਮੀ./ 400 ਮੀ. ਦੋੜ | ਸ਼ਾਟਪੁੱਟ (ਗੋਲਾ ਸੁੱਟਣਾ) |
| | 800 ਮੀ./1500 ਮੀ. ਦੌੜ | 100 ਮੀ./200 ਮੀ./400 ਮੀ. ਵਾਕ |

. ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਖੇਡਾਂ ਇਨ੍ਹਾਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਹੀ ਕਰਵਾਈਆਂ ਜਾਣਗੀਆਂ ਕਿਉਂਕਿ ਉਨ੍ਹਾਂ ਦੀ ਇਨ੍ਹਾਂ ਖੇਡਾਂ ਵਿੱਚ ਮੁਹਾਰਤ ਹੁੰਦੀ ਹੈ। ਇਸ ਤੋਂ ਇਲਾਵਾ ਸਰੀਰਕ ਸਿੱਖਿਆ ਅਧਿਆਪਕਾਂ ਦੀ ਸੇਵਾਵਾ ਵੀ ਲਈਆ ਜਾਣਗੀਆਂ।

## 23.0 ਖੇਡ ਸੰਚਾਲਨ ਢਾਂਚਾ (CWSN):

ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੇ ਟੂਰਨਾਮੈਂਟਾਂ ਦੇ ਸੁਚਾਰੂ ਸੰਚਾਲਨ ਲਈ ਤਿੰਨ ਪੱਧਰ ਤੇ ਖੇਡ ਕਮੇਟੀਆਂ ਦਾ ਗਠਨ ਹੇਠਾਂ ਅਨੁਸਾਰ ਹੋਵੇਗਾ :-

23.1 ਬਲਾਕ ਪੱਧਰ ਖੇਡ ਕਮੇਟੀ

23.2 ਜਿਲ੍ਹਾ ਪੱਧਰ ਖੇਡ ਕਮੇਟੀ

23.3 ਰਾਜ ਪੱਧਰ ਖੇਡ ਕਮੇਟੀ

## 23.1 ਬਲਾਕ ਪੱਧਰ ਖੇਡ ਕਮੇਟੀਃ

ਬਲਾਕ ਪੱਧਰ ਤੇ ਹੇਠ ਅਨੁਸਾਰ 05 ਮੈਂਬਰੀ ਖੇਡ ਕਮੇਟੀ ਗਠਿਤ ਕੀਤੀ ਜਾਵੇਗੀ। ਬਲਾਕ ਪੱਧਰ ਖੇਡ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈਃ

| | |
|---|---|
| • ਪ੍ਰਧਾਨ ਅਤੇ ਵਿੱਤ ਸਕੱਤਰ | ਬਲਾਕ ਪ੍ਰਾਇਮਰੀ ਸਿੱਖਿਆ ਅਫਸਰ |
| • ਪ੍ਰਬੰਧਕੀ ਸਕੱਤਰ | ਬਲਾਕ ਪੀ.ਟੀ.ਆਈ. ਅਧਿਆਪਕ |
| • ਮੈਂਬਰ | ਆਈ.ਈ.ਆਰ.ਟੀ. (ਪੁਰਸ਼) |
| • ਮੈਂਬਰ | ਆਈ.ਈ.ਆਰ.ਟੀ. (ਮਹਿਲਾ) |
| • ਮੈਂਬਰ | ਆਈ.ਈ. ਵਲੰਟੀਅਰ |

## 23.2 ਜਿਲ੍ਹਾ ਪੱਧਰ ਸਕੂਲ ਖੇਡ ਕਮੇਟੀਃ

ਜਿਲ੍ਹਾ ਪੱਧਰ ਤੇ ਹੇਠ ਅਨੁਸਾਰ 07 ਮੈਂਬਰੀ ਸਕੂਲ ਖੇਡ ਕਮੇਟੀ ਗਠਿਤ ਕੀਤੀ ਜਾਵੇਗੀ। ਜਿਲ੍ਹਾ ਪੱਧਰ ਸਕੂਲ ਖੇਡ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈਃ-

| | |
|---|---|
| • ਪ੍ਰਧਾਨ ਅਤੇ ਵਿੱਤ ਸਕੱਤਰ | ਜਿਲ੍ਹਾ ਸਿੱਖਿਆ ਅਫਸਰ (ਐ.ਸਿ.) |
| • ਮੀਤ ਪ੍ਰਧਾਨ | ਏ.ਪੀ.ਸੀ. (ਜਨਰਲ/ਅਕਾਉਂਟਸ) |
| • ਮੀਤ ਪ੍ਰਧਾਨ | ਬੀ.ਪੀ.ਈ.ਓ. |
| • ਪ੍ਰਬੰਧਕੀ ਸਕੱਤਰ | ਜਿਲ੍ਹਾ ਸਪੋਰਟਸ ਕੋਆਰਡੀਨੇਟਰ |
| • ਆਡੀਟਰ ਮੈਂਬਰ | ਲੇਖਾਕਾਰ |
| • ਮੈਂਬਰ | ਡੀ.ਐਸ.ਈ./ਡੀ.ਐਸ.ਈ.ਟੀ. |
| • ਮੈਂਬਰ | ਆਈ.ਈ.ਆਰ.ਟੀ. |

## 23.3 ਅੰਤਰ ਜਿਲ੍ਹਾ ਪੱਧਰ ਸਕੂਲ ਖੇਡ ਕਮੇਟੀਃ

ਅੰਤਰ ਜਿਲ੍ਹਾ ਪੱਧਰ ਤੇ ਹੇਠ ਅਨੁਸਾਰ 07 ਮੈਂਬਰੀ ਸਕੂਲ ਖੇਡ ਕਮੇਟੀ ਗਠਿਤ ਕੀਤੀ ਜਾਵੇਗੀ। ਰਾਜ ਪੱਧਰ ਸਕੂਲ ਖੇਡ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੈਃ

- ਪ੍ਰਧਾਨ — ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
- ਸੀਨੀਅਰ ਮੀਤ ਪ੍ਰਧਾਨ — ਡਿਪਟੀ ਐਸ.ਪੀ.ਡੀ.
- ਮੀਤ ਪ੍ਰਧਾਨ — ਸਟੇਟ ਸਪੈਸ਼ਲ ਐਜੂਕੇਟਰ
- ਜਨਰਲ ਸਕੱਤਰ — ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ)
- ਵਿੱਤ ਸਕੱਤਰ — ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਸਿ)
- ਪ੍ਰਬੰਧਕੀ ਸਕੱਤਰ — ਸਬੰਧਤ ਜਿਲ੍ਹਾ ਸਪੋਰਟਸ ਕੋਆਰਡੀਨੇਟਰ
- ਮੈਂਬਰ — ਸਬੰਧਤ ਜਿਲ੍ਹਾ ਸਪੈਸ਼ਲ ਐਜੂਕੇਟਰ

**ਅੰਤਰ ਜਿਲ੍ਹਾ ਪੱਧਰ ਸਕੂਲ ਖੇਡ ਕਮੇਟੀ ਦੇ ਕੰਮ ਅਤੇ ਜਿੰਮੇਵਾਰੀਆਂ ਹੇਠ ਲਿਖੇ ਅਨੁਸਾਰ ਹਨਃ**

1. ਉਕਤ ਖੇਡਾਂ ਨੂੰ ਕਰਵਾਉਣ ਲਈ ਹਰੇਕ ਜਿਲ੍ਹੇ ਨੂੰ ਰਾਸ਼ੀ ਦਫਤਰ ਡੀ.ਜੀ.ਐਸ.ਈ. ਵੱਲੋਂ ਜਾਰੀ ਕੀਤੀ ਜਾਵੇਗੀ।
2. ਉਕਤ ਕਮੇਟੀਆਂ ਖੇਡਾਂ ਲਈ ਹਰੇਕ ਪੱਧਰ ਤੇ ਮਿਆਰੀ ਖੇਡ ਮੈਦਾਨ, ਇਨਾਮ, ਤਗਮੇ, ਸਰਟੀਫਿਕੇਟ, ਟਰਾਫੀਆਂ ਦਾ ਪ੍ਰਬੰਧ ਕਰਨਗੀਆਂ ਅਤੇ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰਨਗੀਆਂ।
3. ਉਕਤ ਕਮੇਟੀਆਂ ਖਿਡਾਰੀਆਂ ਦੀ ਪਾਤਰਤਾ ਸਬੰਧੀ ਵਿਭਾਗ ਦੇ ਨਿਯਮਾਂ ਅਨੁਸਾਰ ਜਾਂਚ ਕਰਨਗੀਆਂ।
4. ਬਲਾਕ ਪੱਧਰ, ਜਿਲ੍ਹਾ ਪੱਧਰ ਅਤੇ ਰਾਜ ਪੱਧਰ ਦੇ ਸਕੂਲ ਟੂਰਨਾਮੈਂਟਾਂ ਦੇ ਸੰਚਾਲਨ ਲਈ ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਡਿਊਟੀਆਂ ਜਿਲ੍ਹਾ ਸਪੋਰਟਸ ਕੋਆਰਡੀਨੇਟਰ ਰਾਹੀਂ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਪ੍ਰਵਾਨਗੀ ਨਾਲ ਲਗਾਉਣਗੇ।

## 24.0 ਖੇਡ ਕਲੰਡਰ (CWSN)

| ਲੜੀ ਨੰ. | ਮਹੀਨਾ | ਗਤੀਵਿਧੀ | ਪੱਧਰ |
|---|---|---|---|
| 1 | ਅਪ੍ਰੈਲ ਤੋਂ ਅਗਸਤ | ਜਨਰਲ ਵਾਰਮਿੰਗ ਅਪ ਅਤੇ ਸਟ੍ਰੈਚਿੰਗ ਐਕਸਰਸਾਈਜ,ਸਕਿਲਜ,ਖੇਡ ਨਾਲ ਸਬੰਧਤ ਵਾਰਮਿੰਗ ਅਪ ,ਖੇਡਾਂ ਦੀ ਤਿਆਰੀ । | ਸਕੂਲ ਪੱਧਰ |
| 2 | ਸਤੰਬਰ ਤੋਂ ਅਕਤੂਬਰ | ਖੇਡ ਮੁਕਾਬਲੇ | ਸੈਂਟਰ,ਬਲਾਕ,ਜਿਲ੍ਹਾ ਪੱਧਰ |
| 3 | ਨਵੰਬਰ ਤੋਂ ਦਸੰਬਰ | ਖੇਡ ਮੁਕਾਬਲੇ | ਅੰਤਰ ਜਿਲ੍ਹਾ ਸਕੂਲ ਖੇਡਾਂ |

## 25.0 ਟੀਚੇ ਪ੍ਰਾਪਤ ਕਰਨ ਲਈ ਸਰਗਰਮੀਆਂ ਦੀ ਰੂਪ-ਰੇਖਾ:

1. ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕ/ ਸਰੀਰਕ ਸਿੱਖਿਆ ਵਿਸ਼ਾ ਪੜ੍ਹਾਉਣ ਵਾਲੇ ਅਧਿਆਪਕ ਹਰੇਕ ਵਿਦਿਆਰਥੀ ਲਈ ਉਕਤ ਘੱਟੋ-ਘੱਟ ਨਿਰਧਾਰਤਿ ਕੀਤੇ ਗਏ ਟੀਚੇ ਪ੍ਰਾਪਤੀ ਲਈ ਯਤਨ ਕਰਨਗੇ।
2. ਵਿਦਿਆਰਥੀਆਂ ਲਈ ਖੇਡ ਸਰਗਰਮੀਆਂ ਦਿਨਾਂ, ਮੌਸਮ, ਉਮਰ-ਗੁੱਟ, ਲਿੰਗ ਅਤੇ ਸਮੇਂ ਨੂੰ ਧਿਆਨ ਵਿੱਚ ਰੱਖਕੇ ਕਰਵਾਈਆਂ ਜਾਣਗੀਆਂ ।
3. ਹਰੇਕ ਸਕੂਲ ਵਿੱਚ ਮਹੀਨੇ ਦੇ ਆਖਰੀ ਸ਼ਨੀਵਾਰ ਉਪਰੋਕਤ ਖੇਡਾਂ ਦੇ ਅੰਤਰ ਹਾਊਸ ਮੁਕਾਬਲੇ ਕਰਵਾਏ ਜਾਣਗੇ ਅਤੇ ਇਨ੍ਹਾਂ ਖੇਡ ਮੁਕਾਬਲਿਆਂ ਦੌਰਾਨ ਸਕੂਲ ਦਾ ਸਮੁੱਚਾ ਸਟਾਫ ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕਾਂ ਨੂੰ ਪੂਰਨ ਸਹਿਯੋਗ ਦੇਵੇਗਾ । ਜਿਸ ਸਬੰਧੀ ਸਕੂਲ ਮੁੱਖੀ ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕਾਂ ਨਾਲ ਵਿਚਾਰ ਵਟਾਂਦਰਾ ਕਰਕੇ ਸਟਾਫ ਮੈਂਬਰਜ਼ ਦੀਆ ਡਿਊਟੀਆਂ ਲਗਾਉਣਗੇ। ਉਕਤ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।
4. ਵਿਦਿਅਕ ਸੈਸ਼ਨ ਦੇ ਆਰੰਭ ਵਿੱਚ ਖੇਡ ਪ੍ਰਤਿਭਾ ਖੋਜ ਪ੍ਰਤੀਯੋਗਤਾ ਕਰਵਾਈ ਜਾਵੇਗੀ ਅਤੇ ਵਧੀਆ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਵੱਲ ਵਿਸੇਸ਼ ਧਿਆਨ ਦਿੱਤਾ ਜਾਵੇਗਾ ।
5. ਖੇਡ ਮੁਕਾਬਲਿਆਂ ਦੇ ਮੋਹਰੀ ਖਿਡਾਰੀਆਂ ਦੀਆਂ ਤਸਵੀਰਾਂ ਜਾਂ ਹੋਰ ਵੇਰਵੇ ਸਬੰਧਤ ਜਮਾਤ ਅਤੇ ਸਕੂਲ ਦੇ ਮੈਰਿਟ ਬੋਰਡ/ਚਮਕਦੇ ਸਿਤਾਰੇ ਬੋਰਡ ਵਿੱਚ ਲਗਾਏ ਜਾਣ।

## 26.0 ਖੇਡ ਨਿਯਮਾਂਵਲੀ ਤੇ ਰਿਫਰੈਸ਼ਰ ਕੋਰਸ:

1. ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾਣ ਵਾਲੀਆਂ ਸਾਰੀਆਂ ਖੇਡਾਂ ਸਬੰਧੀ ਨਿਯਮਾਂਵਲੀ ਵੈੱਬਸਾਈਟ ਤੇ ਅਪਲੋਡ ਕੀਤੀ ਜਾਵੇਗੀ।
2. ਰਾਜ ਦੇ ਸਾਰੇ ਸਕੂਲਾਂ ਵਿੱਚ ਮਲਟੀ-ਮੀਡੀਆ ਸੇਵਾਵਾਂ ਉਪਲੱਬਧ ਹਨ। ਬੱਚਿਆਂ ਨੂੰ ਖੇਡ ਮੁਕਾਬਲਿਆਂ ਦੇ ਨਿਯਮਾਂ ਅਤੇ ਸਕਿੱਲ ਸਬੰਧੀ ਵੀਡਿਓ ਦਿਖਾਏ ਜਾਣਗੇ। ਅਜਿਹਾ ਕਰਨ ਨਾਲ ਬੱਚਿਆਂ ਦਾ ਖੇਡ ਪ੍ਰਤੀ ਅਤੇ ਸਰੀਰਕ ਫਿਟਨੈਸ ਪ੍ਰਤੀ ਰੁਝਾਨ ਵਧੇਗਾ।
3. ਹਰੇਕ ਸਾਲ ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕਾਂ ਦੇ ਉਨ੍ਹਾਂ ਨਾਲ ਸਬੰਧਤ ਖੇਡ ਦੇ 03 ਤੋਂ 05 ਦਿਨਾਂ ਦੇ ਰਿਫਰੈਸ਼ਰ ਕੋਰਸ/ਸੈਮੀਨਾਰ SCERT ਵੱਲੋਂ ਲਗਾਏ ਜਾਣਗੇ। ਜਿਹੜੇ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਖੇਡ ਸਰਗਰਮੀਆ ਵਧੀਆਂ ਢੰਗ ਨਾਲ ਚਲਾ ਰਹੇ ਅਤੇ ਸਪੋਰਟਸ ਕੋਟੇ ਰਾਹੀਂ ਭਰਤੀ ਹੋਏ ਹਨ, ਉਨ੍ਹਾਂ ਦੇ ਖੇਡਾਂ ਸਬੰਧੀ ਸੈਮੀਨਾਰ ਵੀ SCERT ਵੱਲੋਂ ਲਗਾਏ ਜਾਣਗੇ।

## 27.0 ਸਵੇਰੇ/ਸ਼ਾਮ ਟ੍ਰੇਨਿੰਗ ਦੇਣ ਵਾਲੇ ਅਧਿਆਪਕਾ ਸਬੰਧੀਃ

ਸਵੇਰੇ/ਸ਼ਾਮ( ਸਕੂਲ ਸ਼ੁਰੂ ਹੋਣ ਤੋਂ ਪਹਿਲਾ ਜਾਂ ਸਕੂਲ ਛੁੱਟੀ ਹੋਣ ਤੋਂ ਬਾਅਦ) ਵਿਦਿਆਰਥੀਆਂ ਨੂੰ ਖੇਡਾਂ ਸਬੰਧੀ 02 ਘੰਟੇ ਟ੍ਰੇਨਿੰਗ ਦੇਣ ਵਾਲੇ ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕਾਂ ਨੂੰ ਸਕੂਲ ਸਮੇਂ ਤੋਂ 2 ਘੰਟੇ ਦੀ ਛੋਟ ਦਿੱਤੀ ਜਾਵੇਗੀ।। ਸਬੰਧਤ ਸਕੂਲ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਇਹ ਛੋਟ ਕੇਵਲ ਸਵੇਰੇ/ਸ਼ਾਮ ਟ੍ਰੇਨਿੰਗ ਦੇਣ ਵਾਲੇ ਅਧਿਆਪਕਾ ਨੂੰ ਹੀ ਦਿੱਤੀ ਜਾਵੇ। ਇਸਦਾ ਰਿਕਾਰਡ ਸਕੂਲ ਮੁੱਖੀ ਪਾਸ ਮੌਜੂਦ ਹੋਣਾ ਚਾਹੀਦਾ ਹੈ। ਸਵੇਰ/ ਸ਼ਾਮ ਸੈਂਟਰ ਸ਼ੁਰੂ ਕਰਨ ਸਬੰਧੀ ਅਗਾਉਂ ਸੂਚਨਾ ਜਿਲ੍ਹਾ ਸਪੋਰਟਸ ਕੋਆਰਡੀਨੇਟਰ ਰਾਹੀਂ ਮੁੱਖ ਦਫਤਰ ਨੂੰ ਭੇਜਣੀ ਹੋਵੇਗੀ।

## 28.0 ਕੌਮੀ ਦਿਵਸ ਤੇ ਸਲਾਨਾ ਸਮਾਗਮਃ

1. ਹਰ ਸਾਲ ਕੌਮੀ ਖੇਡ ਦਿਵਸ (29 ਅਗਸਤ) ਮੌਕੇ ਸਕੂਲਾਂ ਵਿੱਚ ਖੇਡ ਸਮਾਗਮ ਕਰਵਾਏ ਜਾਣਗੇ। ਇਸ ਮੌਕੇ ਵਿਦਿਆਰਥੀਆਂ ਨੂੰ ਕੌਮੀ ਦਿਵਸ ਦੀ ਅਹਿਮੀਅਤ, ਇਤਿਹਾਸ ਅਤੇ ਖੇਡ ਸ਼ਖਸ਼ੀਅਤਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।
2. ਰਾਜ ਦੇ ਹਰੇਕ ਸਕੂਲ ਵਿੱਚ ਹਰ ਸਾਲ ਸਲਾਨਾ ਸਪੋਰਟਸ ਡੇ/ਅਥਲੈਟਿਕ ਮੀਟ ਕਰਵਾਉਣੀ ਲਾਜ਼ਮੀ ਹੋਵੇਗੀ। ਸਮੂਹ ਸਕੂਲ ਮੁੱਖੀ ਵੱਲੋਂ ਆਪਣੀ ਸੁਵਿਧਾ ਅਨੁਸਾਰ ਇਹ ਸਮਾਗਮ ਕਿਸ ਦਿਨ ਕਰਵਾਉਣਾ ਹੈ ਇਸ ਸਬੰਧੀ ਇਸ ਦੀ ਜਾਣਕਾਰੀ ਵੈਬਸਾਈਟ ਤੇ ਅਪਲੋਡ ਕੀਤੀ ਜਾਵੇਗੀ।
3. ਉਪਰੋਕਤ ਸਮਾਗਮਾਂ ਵਿੱਚ ਮਾਪਿਆਂ, ਸਥਾਨਕ ਵਾਸੀਆਂ ਅਤੇ ਮੋਹਤਬਾਰ ਵਿਅਕਤੀਆਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ।

## 29.0 ਖੇਡ ਪ੍ਰਾਪਤੀਆਂ ਲਈ ਸਨਮਾਨਃ

1. ਅੰਤਰ ਜਿਲ੍ਹਾ ਸਕੂਲ ਖੇਡਾਂ ਦੀਆਂ ਜੇਤੂ ਟੀਮਾਂ ਦੇ ਟੀਮ ਇੰਚਾਰਜ,ਟੀਮ ਮੈਨੇਜਰ, ਵਿਭਾਗ ਦੇ ਹੋਰ ਕਰਮਚਾਰੀ ਅਤੇ ਲੈਕਚਰਾਰ ਫਿਜੀਕਲ ਐਜੂਕੇਸ਼ਨ /ਸਰੀਰਕ ਸਿੱਖਿਆ ਅਧਿਆਪਕ ਜਿਨ੍ਹਾਂ ਵੱਲੋਂ ਉਕਤ ਟੀਮਾਂ ਦੇ ਖਿਡਾਰੀਆਂ ਨੂੰ ਤਿਆਰ ਕੀਤਾ ਗਿਆ ਹੈ ਨੂੰ ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ/ਐ.ਸਿ) ਵੱਲੋਂ ਸਾਲਾਨਾ ਸਮਾਗਮ ਕਰਕੇ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ ।
2. ਨੈਸ਼ਨਲ ਸਕੂਲ ਖੇਡਾਂ /ਇੰਟਰਨੈਸ਼ਨਲ ਸਕੂਲ ਖੇਡਾਂ ਵਿੱਚ ਜੇਤੂ ਖਿਡਾਰੀਆਂ ਦੇ ਅਧਿਆਪਕਾਂ ਅਤੇ ਟੀਮ ਇੰਚਾਰਜ/ਟੀਮ ਮੈਨੇਜਰ ਨੂੰ ਮੁੱਖ ਦਫਤਰ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

## 30.0 ਨੈਸ਼ਨਲ/ ਇੰਟਰ-ਨੈਸ਼ਨਲ ਜੇਤੂ ਖਿਡਾਰੀਆਂ ਦੇ ਸਵਾਗਤ ਸਬੰਧੀਃ

ਜੋ ਖਿਡਾਰੀ ਨੈਸ਼ਨਲ/ਇੰਟਰ-ਨੈਸ਼ਨਲ ਪੱਧਰ ਤੇ ਮੈਡਲ ਜਿੱਤ ਕੇ ਆਉਂਦੇ ਹਨ ਉਨ੍ਹਾਂ ਖਿਡਾਰੀਆਂ ਅਤੇ ਕੋਚਾਂ ਨੂੰ ਸਬੰਧਤ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ/ਉੱਪ ਜਿਲ੍ਹਾ ਸਿੱਖਿਆ ਅਫਸਰ/ਜਿਲ੍ਹਾ ਸਪੋਰਟਸ ਕੋਆਰਡੀਨੇਟਰ ਜਾਂ ਹੋਰ ਉਚ ਅਧਿਕਾਰੀ ਰੇਲਵੇ ਸਟੇਸ਼ਨ/ਬੱਸ ਅੱਡੇ ਤੇ ਸਵਾਗਤ ਕਰਨ ਲਈ ਜਾਣਗੇ ਜਿਸ ਨਾਲ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਹੋਵੇਗੀ ਅਤੇ ਵੱਧ ਤੋਂ ਵੱਧ ਖਿਡਾਰੀ ਖੇਡਾਂ ਵੱਲ ਜਾਣ ਲਈ ਪ੍ਰੇਰਿਤ ਹੋਣਗੇ।

## 31.0 ਸਜ਼ਾਃ

ਸਕੂਲ ਸਿੱਖਿਆ ਵਿਭਾਗ ਵੱਲੋਂ ਖੇਡਾਂ ਸਬੰਧੀ ਲਗਾਈ ਡਿਊਟੀ ਲਈ ਇੰਨਕਾਰੀ ਹੋਣ, ਗਲਤ ਖਿਡਾਰੀ ਖਿਡਾਉਣ, ਗਲਤ ਚੋਣ ਕਰਨ ਅਤੇ ਖੇਡਾਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਕਰਨ ਵਾਲੇ ਸਰੀਰਕ ਸਿੱਖਿਆ ਅਧਿਆਪਕ /ਲੈਕ.ਫਿਜੀਕਲ ਐਜੂ./ਅਧਿਕਾਰੀਆਂ /ਕਰਮਚਾਰੀਆਂ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਵਿੱਚ ਦਰਜ ਉਪਬੰਧ ਅਨੁਸਾਰ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।

## 32.0 ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਲਈ ਬੱਸ/ਰੇਲਵੇ ਰਾਹੀਂ ਸਫਰ ਸਬੰਧੀਃ

- ਐਸ.ਜੀ.ਐਫ.ਆਈ. ਵੱਲੋਂ ਨੈਸ਼ਨਲ ਖੇਡਾਂ ਸਬੰਧੀ ਸ਼ਡਿਊਲ ਜਾਰੀ ਕਰਨ ਉਪਰੰਤ ਟੀਮਾਂ ਲਈ ਰੇਲਵੇ ਟਿਕਟਾਂ ਬੁੱਕ ਕਰਵਾਈਆਂ ਜਾਣਗੀਆਂ। ਜੇਕਰ ਖਿਡਾਰੀਆਂ ਦੀਆਂ ਟਿਕਟਾਂ ਕਨਫਰਮ ਨਹੀਂ ਹੁੰਦੀਆਂ ਤਾਂ ਤਤਕਾਲ ਟਿਕਟਾਂ ਲੈ ਕੇ ਦਿੱਤੀਆਂ ਜਾਣਗੀਆਂ। ਕਨਫਰਮ ਸੀਟ ਨਾਲ ਖਿਡਾਰੀਆਂ ਨੂੰ ਸਫਰ ਦੌਰਾਨ ਅਰਾਮ ਮਿਲ ਜਾਂਦਾ ਹੈ ਅਤੇ ਜਿਸਦਾ ਉਨ੍ਹਾਂ ਦੀ ਖੇਡ ਤੇ ਵਧੀਆ ਅਸਰ ਪੈਂਦਾ ਹੈ।
- ਜਿਹੜੀਆਂ ਨੈਸ਼ਨਲ ਸਕੂਲ ਖੇਡਾਂ ਐਸ.ਜੀ.ਐਫ.ਆਈ. ਵੱਲੋਂ ਪੰਜਾਬ ਰਾਜ ਦੇ ਗੁਆਂਢੀ ਰਾਜਾਂ (ਹਰਿਆਣਾ, ਹਿਮਾਚਲ, ਚੰਡੀਗੜ੍ਹ, ਆਦਿ) ਵਿੱਚ ਕਰਵਾਈਆਂ ਜਾਂਦੀਆਂ ਹਨ ਤਾਂ ਖਿਡਾਰੀਆਂ ਦੀ ਸੁਵਿਧਾ ਨੂੰ ਮੁੱਖ ਰੱਖਦੇ ਹੋਏ ਬੱਸ ਰਾਹੀਂ ਟੀਮਾਂ ਭੇਜੀਆਂ ਜਾ ਸਕਦੀਆਂ ਹਨ।

## 33.0 ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਖੇਡ ਕਿੱਟ ਸਬੰਧੀਃ

- ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ,ਟੀਮ ਕੋਚ, ਟੀਮ ਮੈਨੇਜਰ,ਜਨਰਲ ਮੈਨੇਜਰ,ਚੀਫ ਡੀ ਮਿਸ਼ਨ ਨੂੰ ਸਪੋਰਟਸ ਕਿੱਟ (ਟਰੈਕ ਸੂਟ, ਸ਼ੂਜ, ਜੁਰਾਬਾਂ, ਬੈਗ, ਪਲੇਇੰਗ ਕਿੱਟ/ਟੀਸ਼ਰਟ ਨਿੱਕਰ) ਦਿੱਤੀ ਜਾਵੇਗੀ। ਜਿਸਦਾ ਖਰਚਾ ਮੁੱਖ ਦਫਤਰ ਵਿਖੇ ਇਕੱਤਰ ਕੀਤੇ ਸਪੋਰਟਸ ਫੰਡ ਵਿੱਚੋਂ ਕੀਤਾ ਜਾਵੇਗਾ।

ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲੀ ਵਿਦਿਆਰਥੀਆਂ ਲਈ ਖੇਡ ਕੈਲੰਡਰ ਵਿੱਚ ਸਾਰੀਆਂ ਹੀ ਖੇਡਾਂ ਨੂੰ, ਉੱਚ ਮਹੱਤਤਾ ਵਾਲੀਆਂ ਖੇਡਾਂ ਦੇ ਤੌਰ ਤੇ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਖੇਡਾਂ ਸਬੰਧੀ ਖਿਡਾਰੀਆਂ ਵਿੱਚ ਸਕਿੱਲ ਪੈਦਾ ਕਰਨ ਲਈ ਵਧੀਆ ਬੁਨਿਆਦੀ ਢਾਂਚਾ ਅਤੇ ਚੰਗੀਆਂ ਕੋਚਿੰਗ ਸੁਵਿਧਾਵਾਂ ਦਿੱਤੀਆਂ ਜਾਣਗੀਆਂ ਜਿਸ ਰਾਹੀ ਅੰਤਰ ਜਿਲ੍ਹਾ ਸਕੂਲ ਖੇਡਾਂ, ਨੈਸ਼ਨਲ ਸਕੂਲ ਖੇਡਾਂ ਅਤੇ ਅੰਤਰ ਰਾਸ਼ਟਰੀ ਸਕੂਲ ਖੇਡਾਂ ਵਿੱਚ ਵਧੀਆਂ ਪ੍ਰਦਰਸ਼ਨ ਦੇ ਉਦੇਸ਼ ਨਾਲ ਮੈਡਲ ਜਿੱਤਣ ਦੇ ਯਤਨ ਕੀਤੇ ਜਾਣਗੇ।

**ਵਧੀਕ ਮੁੱਖ ਸਕੱਤਰ,**
**ਸਕੂਲ ਸਿੱਖਿਆ, ਪੰਜਾਬ**

ਨੰਬਰਃਈ-521788/2023181433-40 ਮਿਤੀ 03-07-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈਃ-

1. ਪੀ.ਏ.ਟੂ ਸਿੱਖਿਆ ਮੰਤਰੀ,ਪੰਜਾਬ।
2. ਪੀ.ਏ. ਟੂ ਵਧੀਕ ਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
3. ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।
5. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
6. ਡਾਇਰੈਕਟਰ ਸਕੂਲ ਐਜੂਕੇਸ਼ਨ (ਐ.ਸਿੱ), ਪੰਜਾਬ।
7. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ,ਐਸਿ)।
8. ਡੀ.ਐਮ. (ਐਮ.ਆਈ.ਐਸ.) ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।

**ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸਨ)**